**Class – 1**
**Session 2025 - 2026**

**ਮਈ - 2025**

**ਪੁਸਤਕ - ਪੇਸਮੇਕਰ - ਪੰਜਾਬੀ ਸ਼ਬਦ-ਮਾਲਾ**

**Topic – ਮੁਕਤਾ ਦੋ ਅੱਖਰੇ ਸ਼ਬਦ, ਮੁਕਤਾ ਤਿੰਨ ਅੱਖਰੇ ਸ਼ਬਦ,**

**Name the pictures Fill ups in words, in sentences, matching, Tick (✓) the correct one**

- **No. of days required to complete the topic – 20**

1. **Knowledge objective – Learning Outcomes**

   ਇਸ ਵਿੱਚ ਵਿਦਿਆਰਥੀ ਸਮਝਣਗੇ ਕਿ ਅੱਖਰਾਂ ਦੇ ਗਿਆਨ ਤੋਂ ਬਾਅਦ ਅੱਖਰ ਜੋੜ ਕੇ ਸ਼ਬਦ ਕਿਵੇਂ ਬਣਾਏ ਜਾਂਦੇ ਹਨ ਅਤੇ ਉਨਾਂ ਦੀ ਸਹਾਇਤਾ ਨਾਲ ਨਵੇਂ ਸ਼ਬਦ ਜੋੜ ਬਣਾ ਕੇ ਵਾਕ ਵੀ ਬਣਾ ਸਕਦੇ ਹਾਂ ਇਸ ਤਰ੍ਹਾਂ ਬੱਚਿਆਂ ਦੀ ਸ਼ਬਦਾਵਲੀ ਵਿੱਚ ਵੀ ਵਾਧਾ ਹੋਵੇਗਾ ਅਤੇ ਉਹ ਛੋਟੇ ਛੋਟੇ ਵਾਕ ਬਣਾਉਣ ਦੇ ਕਾਬਲ ਬਣਨਗੇ।

2. **Understanding Objective**

   ਜਦੋਂ ਬੱਚੇ ਅੱਖਰ ਜੋੜ ਕੇ ਨਵੇਂ ਨਵੇਂ ਸ਼ਬਦ ਪੜ੍ਹਨਗੇ ਅਤੇ ਲਿਖਣਗੇ ਤਾਂ ਉਨਾਂ ਦੇ ਗਿਆਨ ਵਿੱਚ ਵੀ ਵਾਧਾ ਹੋਵੇਗਾ ਅਤੇ ਨਵੇਂ ਅਰਥਾਂ ਬਾਰੇ ਜਾਣਨਗੇ।

3. **Skill Objective**

   ਸ਼ਬਦਾਂ ਦੀ ਸਹਾਇਤਾ ਨਾਲ ਬੱਚੇ ਨਵੇਂ ਅਤੇ ਅਨੇਕਾਂ ਚਿੱਤਰ ਬਣਾ ਕੇ ਰੰਗ ਭਰਨਗੇ ਅਤੇ ਆਪਣੀ ਕਲਾ ਦਾ ਪ੍ਰਗਟਾਵਾ ਵੀ ਕਰਨਗੇ।

4. **Previous Knowledge Testing**

   ਇਸ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਨਵੇਂ ਲਿਖੇ ਸ਼ਬਦਾਂ ਨਾਲ ਸੰਬੰਧਿਤ ਅੱਖਰਾਂ ਬਾਰੇ ਵੀ ਪੁੱਛਿਆ ਜਾਵੇਗਾ। ਉਨਾਂ ਨੂੰ ਪੁੱਛਿਆ ਜਾਵੇਗਾ ਕਿ ਜ+ਲ = ਜਲ, ਹ+ਲ = ਹਲ, ਕਿਹੜੇ ਕਿਹੜੇ ਅੱਖਰਾਂ ਨੂੰ ਜੋੜ ਕੇ ਬਣਾਇਆ ਜਾ ਸਕਦਾ ਹੈ। ਇਹ ਉਨਾਂ ਲਈ ਵਧੀਆ ਅਨੁਭਵ ਹੋਵੇਗਾ।

- **Teaching Aids –** Chalk, Duster, Board, Charts, Books, Youtube links.
- **Pedagogical Strategies**

ਨਵੇਂ ਸ਼ਬਦਾਂ ਨਾਲ ਜਾਣ ਪਛਾਣ ਤੋਂ ਬਾਅਦ ਬੱਚਿਆਂ ਨੂੰ ਪੁਸਤਕ ਸ਼ਬਦ ਰੂਪ ਵਿੱਚੋਂ ਇਨਾਂ ਸ਼ਬਦਾਂ ਬਾਰੇ ਦੱਸਿਆ ਜਾਵੇਗਾ। ਸਭ ਤੋਂ ਪਹਿਲਾਂ ਮੁਕਤਾ ਦੋ ਅੱਖਰੇ ਸ਼ਬਦਾਂ ਦੀ Reading ਕਰਵਾਈ ਜਾਵੇਗੀ। ਬੱਚਿਆਂ ਨੂੰ ਦੱਸਿਆ ਜਾਵੇਗਾ ਕਿ ਇਨਾਂ ਸ਼ਬਦਾਂ ਦੇ ਉਚਾਰਨ ਕਿਵੇਂ ਹੁੰਦੇ ਹਨ। ਜਿਵੇਂ-

| | | |
|---|---|---|
| ਟ+ਬ = ਟਬ | ਹ+ਲ = ਹਲ | ਘ+ਰ = ਘਰ |
| ਨ+ਗ = ਨਗ | ਪ+ਗ = ਪਗ | ਤ+ਰ = ਤਰ |

- **<u>Flash-Cards</u> –** Experiential Learning

  ਮੁਕਤਾ ਦੋ Flash card ਅੱਖਰੇ ਅਤੇ ਮੁਕਤਾ ਤਿੰਨ ਅੱਖਰੇ ਸ਼ਬਦ ਸੰਬੰਧੀ ਤਸਵੀਰਾਂ ਦੇ ਬਣਵਾਏ ਜਾਣਗੇ। ਬੱਚੇ ਵੱਖ-ਵੱਖ ਚਿੱਤਰ ਲੱਭ ਕੇ ਲਿਆਉਣਗੇ ਅਤੇ ਨਾਲ ਹੀ ਨਾਂ ਵੀ ਲਿਖਣਗੇ। ਇਸ ਤਰ੍ਹਾਂ ਉਨਾਂ ਦੇ ਗਿਆਨ ਵਿੱਚ ਵਾਧਾ ਹੋਵੇਗਾ। ਇਸ ਲਈ ਉਹ ਗੱਤੇ ਦਾ ਜਾਂ ਸਖ਼ਤ ਕਾਗਜ਼ ਦੀ ਵਰਤੋਂ ਕਰਨਗੇ। ਚਿੱਤਰ ਵਿੱਚ ਰੰਗ ਭਰਕੇ ਖੂਬਸੂਰਤੀ ਨਾਲ ਆਪਣੀ ਸਮਝ ਨਾਲ ਵਧੀਆ ਲਿਖਾਈ ਵਿੱਚ ਨਾਂ ਵੀ ਲਿਖਣਗੇ। ਇਸ ਨਾਲ ਉਹ ਖੇਡ-ਖੇਡ ਵਿੱਚ ਵਧੀਆ ਕਲਾਕਾਰੀ ਦਾ ਪ੍ਰਗਟਾਵਾ ਕਰਕੇ ਜਲਦੀ ਵੀ ਸਿੱਖਣਗੇ ਅਤੇ ਅਨੰਦ ਵੀ ਮਾਨਣਗੇ।

- **<u>Art Integration</u>**

  ਮੁਕਤਾ ਦੋ, ਤਿੰਨ ਅੱਖਰੇ ਸ਼ਬਦਾਂ ਨੂੰ ਵਿਦਿਆਰਥੀਆਂ ਨੂੰ ਬੋਰਡ ਤੇ ਚਿੱਤਰ ਬਣਾ ਕੇ ਕਾਪੀਆਂ ਤੇ ਕਰਨ ਲਈ ਕਿਹਾ ਜਾਵੇਗਾ। ਜਦੋਂ ਬੱਚੇ ਬੋਰਡ ਦੀ ਸਹਾਇਤਾ ਨਾਲ ਕਾਪੀਆਂ ਉੱਤੇ ਚਿੱਤਰ ਬਣਾਉਣਗੇ ਅਤੇ ਨਾਂ ਵੀ ਲਿਖਣਗੇ ਅਤੇ ਰੰਗ ਭਰਨਗੇ ਤਾਂ ਉਹ ਉਨਾਂ ਲਈ ਬੜਾ ਰੌਚਕਤਾ ਭਰਪੂਰ ਅਨੁਭਵ ਹੋਵੇਗਾ ਅਤੇ ਬੱਚੇ ਇਸ ਨੂੰ ਖ਼ੁਸ਼ੀ- ਖ਼ੁਸ਼ੀ ਖ਼ੂਬਸੂਰਤੀ ਨਾਲ complete ਕਰਨਗੇ। ਇਨਾਂ ਚਿੱਤਰਾਂ ਨੂੰ ਉਹ ਆਪਣੀ ਸਮਝ ਅਤੇ ਰੁਚੀ ਨਾਲ ਚਿੱਤਰ ਬਣਾ ਕੇ ਇਸ ਸੰਬੰਧੀ ਵਿਚਾਰ ਵੀ ਸਾਂਝੇ ਕਰਨਗੇ। ਸ਼ਬਦਾਂ ਨੂੰ ਸੰਗੀਤਕ ਸ਼ੈਲੀ ਨਾਲ ਜੋੜ ਕੇ ਉਹ ਕਵਿਤਾ ਦਾ ਗਾਇਨ ਵੀ ਕਰਨਗੇ। ਅੰਗਰੇਜੀ ਅਤੇ ਹਿੰਦੀ ਦੇ ਸ਼ਬਦਾਂ ਦੇ ਨਾਲ ਵੀ ਇਨਾਂ ਸ਼ਬਦਾਂ ਦੇ ਅਰਥਾਂ ਨੂੰ ਜਾਣਨਗੇ। ਜਿਵੇਂ ਟਬ-ਟਬ, Tub ਨਾਲ ਹੀ ਉਹ ਇਸ ਦੇ ਵੱਖ-2 ਦੇ ਚਿੱਤਰ ਬਣਾ ਕੇ ਰੰਗ ਵੀ ਭਰਨਗੇ। ਇਨਾਂ ਸੰਬੰਧੀ ਫਲਾਂ, ਸਬਜੀਆਂ, ਜਾਨਵਰਾਂ, ਪੰਛੀਆਂ ਦੇ ਚਿੱਤਰ, ਬਣਾ ਕੇ ਰੰਗ ਭਰਨਗੇ। ਇਸ ਤਰ੍ਹਾਂ ਉਨਾਂ ਦੇ ਸ਼ਬਦ ਭੰਡਾਰ ਵਿੱਚ ਵੀ ਵਾਧਾ ਹੋਵੇਗਾ।

- **<u>Interdisciplinary linkages and infusion of life skills</u>**

  ਵੱਖ-ਵੱਖ ਸ਼ਬਦਾਂ ਦੇ ਬਣਾਏ ਜਾਂ ਚਿਪਕਾਏ ਚਿੱਤਰਾਂ ਵਿੱਚੋਂ ਉਨਾਂ ਦੇ ਗੁਣਾਂ ਬਾਰੇ ਵੀ ਦੱਸਿਆ ਜਾਵੇਗਾ। ਜਿਵੇਂ ਫਲ ਦੇ ਚਿੱਤਰ ਤੋਂ ਉਹ ਵੱਖ-ਵੱਖ ਫਲਾਂ ਦੇ ਨਾਂ ਅਤੇ ਗੁਣਾਂ ਬਾਰੇ ਜਾਣਕਾਰੀ ਇਕੱਠੀ ਕਰਨਗੇ ਅਤੇ ਜਮਾਤ ਵਿੱਚ ਸਾਂਝੀ ਕਰਨਗੇ। ਸ਼ਬਦਾਂ ਦੇ ਅਰਥ ਸਮਝਕੇ ਆਪਸੀ ਅੰਤਰ ਨੂੰ ਵੀ ਸਮਝਣ ਦੇ ਕਾਬਲ ਹੋਣਗੇ। ਇਸ ਤਰ੍ਹਾਂ ਉਨਾਂ ਦੇ ਗਿਆਨ ਵਿੱਚ ਵੀ ਵਾਧਾ ਹੋਵੇਗਾ।

- **<u>Recapitulation</u>**

  ਮੁਕਤਾ ਦੋ, ਤਿੰਨ ਅੱਖਰੇ ਸ਼ਬਦਾਂ ਨੂੰ ਯਾਦ ਕਰਕੇ ਜਮਾਤ ਵਿੱਚ ਵਿਦਿਆਰਥੀਆਂ ਨੂੰ ਲਿਖਣ ਲਈ ਕਿਹਾ ਜਾਵੇਗਾ। ਤਾਂ ਜੋ ਉਨਾਂ ਦੇ ਪ੍ਰਾਪਤ ਕੀਤੇ ਗਿਆਨ ਦਾ ਪਤਾ ਲਗਾਇਆ ਜਾ ਸਕੇ ਅਤੇ ਉਨਾਂ ਨੂੰ ਹੋਰ ਨਵੀਂਆਂ ਵਿਧੀਆਂ ਨਾਲ ਸਿਖਾਇਆ ਜਾਵੇ। ਬੱਚੇ ਸ਼ਬਦਾਂ ਨੂੰ ਲੈਅਬੱਧ ਤਰੀਕੇ ਨਾਲ ਬੋਲਣਗੇ। ਉਨਾਂ ਨੂੰ ਜੁਬਾਨੀ ਅਤੇ ਲਿਖਤੀ ਅਭਿਆਸ ਵੀ ਕਰਵਾਇਆ ਜਾਵੇਗਾ।

- **<u>Resources including ICT (Information and Communication Technology)</u>**

  ਬਿਨਾਂ ਸ਼ਬਦਾਂ ਦਾ ਉਚਾਰਨ ਕਰਵਾਉਣ ਲਈ ਅਧਿਆਪਕ ਦੁਆਰਾ ਬੋਲ ਕੇ Audio, Video ਵੀ Share ਕੀਤੀ ਜਾਵੇਗੀ ਤਾਂ ਜੋ ਵਿਦਿਆਰਥੀ ਸਕੂਲ ਤੋਂ ਬਾਅਦ ਵੀ ਇਸ ਦਾ ਲਾਹਾ ਲੈ ਸਕਣ ਅਤੇ ਹੋਰ ਵਧੇਰੇ ਅਤੇ ਜਲਦੀ ਸਿੱਖਣ ਦੇ ਕਾਬਲ ਬਣ ਸਕਣ ਜਿਵੇਂ youtube links-

  ਬਿਨਾਂ ਚਿੱਤਰਾਂ ਸੰਬੰਧੀ ਛੋਟੀਆਂ-ਛੋਟੀਆਂ ਕਵਿਤਾਵਾਂ ਯਾਦ ਕਰਕੇ ਉਹ ਖੂਬ ਅਨੰਦ ਲੈਂਦੇ ਹਨ। ਜਿਵੇਂ youtube links.

  https://youtube.com/watch?v=6I810GL7gxw&feature=share

- **<u>Assessment Items</u>**

  ਵਿਦਿਆਰਥੀਆਂ ਦੀ ਜਾਣਕਾਰੀ ਨੂੰ ਦੇਖਣ ਲਈ Assessment sheets ਦਿੱਤੀਆਂ ਜਾਣਗੀਆਂ। ਜਿਵੇਂ 1. ਮੁਕਤਾ ਦੋ ਅੱਖਰੇ ਸ਼ਬਦ 2. ਚਿੱਤਰ ਵੇਖਕੇ ਨਾਂ ਲਿਖੋ: 3.ਮੁਕਤਾ ਤਿੰਨ ਅੱਖਰੇ ਸ਼ਬਦ ਲਿਖੋ

- **<u>Feedback and Remedial Teaching</u>**

  Reading ਵਿੱਚ ਕਮਜੋਰ ਬੱਚਿਆਂ ਵੱਲ ਵੱਧ ਧਿਆਨ ਦਿੱਤਾ ਜਾਵੇਗਾ। ਉਨਾਂ ਨੂੰ ਵਾਰ-ਵਾਰ ਕੋਲ ਬੁਲਾ ਕੇ Reading ਕਰਨ ਲਈ ਕਿਹਾ ਜਾਵੇਗਾ। ਲਿਖਾਈ ਸੁਧਾਰਨ ਲਈ ਵੀ ਅੱਖਰਾਂ ਦੀ ਬਣਤਰ ਦਾ ਅਭਿਆਸ ਕਰਵਾਇਆ ਜਾਵੇਗਾ ਅਤੇ ਸੁੰਦਰ ਲਿਖਣ ਲਈ ਪ੍ਰੇਰਿਤ ਕੀਤਾ ਜਾਵੇਗਾ।

- **<u>Inclusive Practices and Full Participation without discrimination.</u>**

**1.** Group Activity

**2.** Reading Books

**3.** Watching Videos

**4.** Charts

**ਜੁਲਾਈ - 2025**

**Topic – ਮੁਕਤਾ ਤਿੰਨ ਅੱਖਰੇ ਸ਼ਬਦ, ਮੁਕਤਾ ਚਾਰ ਅੱਖਰੇ ਸ਼ਬਦ,**

**Mukta two, three, four letter words, Fill ups, Write words in full form, Matching, tick ( ✓) the correct work, circle the same word.**

- **No. of days required to complete the topic – 20**

1. **Knowledge objective – Learning Outcomes**

   ਇਸ ਵਿੱਚ ਵਿਦਿਆਰਥੀ ਜਾਣਨਗੇ ਕਿ ਨਵੇਂ ਸ਼ਬਦ ਕਿਵੇਂ ਬੋਲ ਜਾ ਸਕਦੇ ਹਨ ਅਤੇ ਲਿਖੇ ਜਾ ਸਕਦੇ ਹਨ। ਇਨਾਂ ਦੀ ਸਹਾਇਤਾ ਨਾਲ ਉਹ ਕਿਵੇਂ ਸ਼ਬਦਾਂ ਤੋਂ ਵਾਕ ਵੀ ਬਣਾ ਸਕਦੇ ਹਨ। ਇਸ ਤਰ੍ਹਾਂ ਉਨ੍ਹਾਂ ਦੀ ਸ਼ਬਦਾਵਲੀ ਵਿੱਚ ਵਾਧਾ ਹੋਵੇਗਾ ਅਤੇ ਛੋਟੇ-ਛੋਟੇ ਵਾਕ ਵੀ ਬਣਾ ਸਕਣਗੇ।

2. **Understanding Objectives**

   ਬੱਚੇ ਜਦੋਂ ਨਵੇਂ ਸ਼ਬਦ ਬੋਲਣਗੇ ਅਤੇ ਲਿਖਣਗੇ ਤਾਂ ਉਨ੍ਹਾਂ ਦੇ ਗਿਆਨ ਵਿੱਚ ਵੀ ਵਾਧਾ ਹੋਵੇਗਾ। ਅਤੇ ਨਵੇਂ ਅਰਥਾਂ ਬਾਰੇ ਜਾਣਨਗੇ।

3. **Skill Objective**

   ਸ਼ਬਦਾਂ ਦੀ ਸਹਾਇਤਾ ਨਾਲ ਵਿਦਿਆਰਥੀ ਨਵੇਂ ਅਤੇ ਅਨੇਕਾਂ ਹੋਰ ਸੰਬੰਧਿਤ ਚਿੱਤਰ ਬਣਾ ਕੇ ਰੰਗ ਭਰਕੇ ਕਲਾ ਦਾ ਪ੍ਰਗਟਾਵਾ ਕਰਨਗੇ।

4. **Previous Knowledge Testing**

   ਪਾਠਾਂ ਸੰਬੰਧੀ ਰੌਚਕਤਾ ਪੈਦਾ ਕਰਨ ਲਈ ਪਹਿਲਾਂ ਪ੍ਰਾਪਤ ਕੀਤੇ ਗਿਆਨ ਬਾਰੇ ਵੀ ਜਾਣਿਆ ਜਾਵੇਗਾ। ਉਨ੍ਹਾਂ ਨੂੰ ਪੁੱਛਿਆ ਜਾਵੇਗਾ ਕਿ ਨ+ਮ+ਕ = ਨਮਕ, ਕ+ਮ+ਲ = ਕਮਲ, ਹ+ਵ+ਨ = ਹਵਨ ਜਿਹੇ ਹੋਰ ਸ਼ਬਦਾਂ ਨੂੰ ਤੁਸੀਂ ਕਿਵੇਂ ਬੋਲੋਗੇ ਅਤੇ ਲਿਖੋਗੇ। ਇਹ ਉਨ੍ਹਾਂ ਲਈ ਵਧੀਆ ਅਨੁਭਵ ਰਹੇਗਾ।

- **Teaching Aids –** Chalk, Duster, Board, Charts, Books, Youtube links.
- **Pedagogical Strategies**

  ਵਿਦਿਆਰਥੀਆਂ ਨੂੰ ਸ਼ਬਦ ਰੂਪ ਪੁਸਤਕ ਵਿੱਚੋਂ ਤਿੰਨ ਅਤੇ ਚਾਰ ਅੱਖਰੇ ਸ਼ਬਦਾਂ ਨਾਲ ਜਾਣੂ ਕਰਵਾਇਆ ਜਾਵੇਗਾ। ਅੱਖਰਾਂ ਦੀ ਪਛਾਣ ਤੋਂ ਬਾਅਦ ਕ੍ਰਮਵਾਰ` ਵਿਦਿਆਰਥੀ ਮੁਕਤਾ ਦੋ, ਤਿੰਨ

ਦਾ ਭਰਪੂਰ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਮੁਕਤਾ ਚਾਰ ਅੱਖਰੇ ਸ਼ਬਦਾਂ ਦੀ Reading ਕਰਕੇ ਇਨਾਂ ਨੂੰ ਸਮਝਣਗੇ। ਬੱਚਿਆਂ ਨੂੰ ਦੱਸਿਆ ਜਾਵੇਗਾ ਕਿ ਇਨਾਂ ਦਾ ਉਚਾਰਨ ਕਿਵੇਂ ਹੁੰਦਾ ਹੈ।

- **<u>Flash-Cards</u> – Experiential Learning**

  ਵਿਦਿਆਰਥੀ ਮੁਕਤਾ – ਦੋ, ਤਿੰਨ, ਚਾਰ ਅੱਖਰੇ ਸ਼ਬਦ ਦੇ Flash-Card ਬਣਾ ਕੇ ਲਿਆਉਣਗੇ। ਇਨ੍ਹਾਂ ਨਾਲ ਸੰਬੰਧੀ ਵੱਖ-2 ਤਰ੍ਹਾਂ ਦੇ ਚਿੱਤਰ ਬਣਾ ਕੇ ਜਾਂ paste ਕਰਕੇ ਸ਼ਬਦਾਂ ਨੂੰ ਲਿਖਣਗੇ ਵੀ ਅਤੇ ਇਸ ਨੂੰ ਰੰਗਾਂ ਦੀ ਸਹਾਇਤਾ ਨਾਲ ਸਜਾਉਣਗੇ। ਹਰ ਵਿਦਿਆਰਥੀ ਆਪਣੇ-ਆਪਣੇ Flash cards ਬਾਰੇ ਦੱਸੇਗਾ ਅਤੇ ਸ਼ਬਦ ਵੀ ਪੜ੍ਹਨਗੇ। ਇਸ ਤਰ੍ਹਾਂ ਉਹ ਆਪਣੀ ਸੂਝਬੂਝ ਦਾ ਪ੍ਰਗਟਾਵਾ ਕਰਨਗੇ ਅਤੇ ਵਧੇਰੇ ਚੰਗੇ ਤਰੀਕੇ ਨਾਲ ਸਿੱਖਣਗੇ ਵੀ। ਬੱਚੇ ਖੇਡ-ਖੇਡ ਵਿੱਚ ਵਧੀਆ ਸਿੱਖਦੇ ਹਨ ਅਤੇ ਅਨੰਦ ਵੀ ਮਾਣਦੇ ਹਨ।

- **<u>Art Integration</u>**

  ਕਲਾ ਇੱਕ ਅਜਿਹਾ ਵਿਸ਼ਾ ਹੈ ਜੋ ਹੋਰਨਾਂ ਵਿਸ਼ਿਆਂ ਨਾਲ ਵੀ ਵਿਦਿਆਰਥੀਆਂ ਨੂੰ ਜੋੜ ਕੇ ਰੱਖਦਾ ਹੈ। ਅਧਿਆਪਕ ਜਦੋਂ ਵੱਖ-ਵੱਖ ਉਦਾਹਰਨਾਂ ਦੇ ਕੇ ਵਿਦਿਆਰਥੀਆਂ ਨੂੰ New ideas ਦਿੰਦੇ ਹਨ ਤਾਂ ਬੱਚਿਆਂ ਵਿੱਚ ਕਲਾ ਪ੍ਰਤੀ ਰੁਚੀ ਵਧੇਰੇ ਵੱਧਦੀ ਹੈ। ਵਿਦਿਆਰਥੀ Board ਦੀ ਸਹਾਇਤਾ ਨਾਲ ਕਾਪੀਆਂ ਵਿੱਚ ਚਿੱਤਰ ਬਣਾ ਕੇ ਰੰਗ ਭਰਨਗੇ ਅਤੇ ਇਸ ਨੂੰ ਕਲਾਤਮਕ ਛੂਹ ਨਾਲ ਸੁੰਦਰਤਾ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ complete ਕਰਨਗੇ। ਵਿਦਿਆਰਥੀ ਆਪਣੇ ਸ਼ਬਦਾਂ ਨੂੰ ਬੋਲ ਕੇ ਆਪਣੇ ਵਿਚਾਰ ਵੀ ਸਾਂਝੇ ਕਰਨਗੇ ਨਾਲ ਹੀ ਹਿੰਦੀ ਅਤੇ ਅੰਗਰੇਜੀ ਭਾਸ਼ਾ ਵਿੱਚ ਵੀ ਇਨਾਂ ਬਾਰੇ ਬੋਲ ਕੇ ਦੱਸਣਗੇ। ਕਵਿਤਾਵਾਂ ਰਾਹੀਂ ਸੰਗੀਤਕ ਸ਼ੈਲੀ ਨਾਲ ਜੋੜ ਕੇ ਗਾਇਨ ਵੀ ਕਰਨਗੇ। ਵੱਖ-2 ਚਿੱਤਰਾਂ ਵਿੱਚ ਰੰਗ ਵੀ ਭਰਨਗੇ। ਇਨਾਂ ਸੰਬੰਧੀ ਫਲਾਂ, ਸਬਜ਼ੀਆਂ, ਜਾਨਵਰਾਂ, ਪੰਛੀਆਂ ਅਤੇ ਰੋਜ਼ਾਨਾ ਜੀਵਨ ਸੰਬੰਧੀ ਸ਼ਬਦਾਂ ਨਾਲ ਜੋੜ ਕੇ ਵਿਦਿਆਰਥੀਆਂ ਨੂੰ ਅਧਿਆਪਕ ਵੱਲੋਂ ਵਿਚਾਰ ਵਟਾਦਰਾਂ ਕੀਤਾ ਜਾਵੇਗਾ। ਇਸ ਤਰ੍ਹਾਂ ਉਨਾਂ ਦੇ ਸ਼ਬਦ ਭੰਡਾਰ ਵਿੱਚ ਵੀ ਵਾਧਾ ਹੋਵੇਗਾ।

- **<u>Interdisciplinary linkages and infusion of life skills</u>**

  ਵੱਖ-2 ਚਿੱਤਰਾਂ ਰਾਹੀਂ ਵਿਦਿਆਰਥੀਆਂ ਨੂੰ ਉਨਾਂ ਦੇ ਗੁਣਾਂ ਬਾਰੇ ਦੱਸਿਆ ਜਾਵੇਗਾ। ਜਿਵੇਂ -

| | |
|---|---|
| ਸ਼+ਰ+ਬ+ਤ = ਸ਼ਰਬਤ | ਪ+ਨ+ਘ+ਟ = ਪਨਘਟ |
| ਗ+ਰ+ਦ+ਨ = ਗਰਦਨ | ਟ+ਮ+ਟ+ਮ = ਟਮਟਮ |
| ਕ+ਸ+ਰ+ਤ = ਕਸਰਤ | ਚ+ਮ+ਚ+ਮ = ਚਮਚਮ |
| ਸ਼+ਲ+ਗ+ਮ = ਸ਼ਲਗਮ | ਅ+ਦ+ਰ+ਕ = ਅਦਰਕ |

ਵਿਦਿਆਰਥੀ ਅਦਰਕ ਨੂੰ ਬੋਲ ਕੇ ਚਿੱਤਰ ਬਣਾ ਕੇ ਲਿਖ ਕੇ ਵਿਚਾਰ ਸਾਂਝੇ ਕਰਨਗੇ ਕਿ ਅਦਰਕ ਦਾ ਸਾਡੇ ਜੀਵਨ ਵਿੱਚ ਕੀ Role ਹੈ? ਕਸਰਤ ਦਾ ਕੀ ਅਰਥ ਹੈ ਅਤੇ ਕਸਰਤ ਸਾਡੇ ਲਈ ਕਿਉਂ ਫ਼ਾਇਦੇਮੰਦ ਹੈ। ਇਸ ਤਰ੍ਹਾਂ ਉਨਾਂ ਦੇ ਗਿਆਨ ਵਿੱਚ ਵੀ ਵਾਧਾ ਹੋਵੇਗਾ ਅਤੇ ਉਹ ਵਧੇਰੇ ਸਿੱਖਣਗੇ। ਇਸ ਲਈ ਮਾਤਰਾ ਸੰਬੰਧੀ youtube links ਅਤੇ video share ਕੀਤੀਆਂ ਜਾਣਗੀਆਂ।

- **<u>Recapitulation</u>**

ਵਿਦਿਆਰਥੀਆਂ ਨੂੰ ਵਰਨਮਾਲਾ, ਮੁਕਤਾ ਦੋ, ਤਿੰਨ ਅਤੇ ਚਾਰ ਅੱਖਰੇ ਸ਼ਬਦਾਂ ਨੂੰ ਲਿਖਣ ਲਈ ਕਿਹਾ ਜਾਵੇਗਾ ਤਾਂ ਜੋ ਉਨਾਂ ਦੇ ਗਿਆਨ ਦਾ ਪਤਾ ਲਗਾਇਆ ਜਾ ਸਕੇ। ਨਾਲ ਹੀ ਉਨ੍ਹਾਂ ਨੂੰ ਹੋਰ ਵਿਧੀਆਂ ਨਾਲ ਸਿਖਾਇਆ ਜਾ ਸਕੇ। ਬੱਚੇ ਸ਼ਬਦਾਂ ਨੂੰ ਲੈਅ-ਬੱਧ ਤਰੀਕੇ ਨਾਲ ਜਦੋਂ ਬੋਲਦੇ ਹਨ ਅਤੇ group discussion ਕਰਦੇ ਹਨ ਤਾਂ ਵਧੇਰੇ ਵਧੀਆ ਸਿੱਖਦੇ ਹਨ। ਵਿਦਿਆਰਥੀਆਂ ਨੂੰ ਜੁਬਾਨੀ ਅਤੇ ਲਿਖਤੀ ਅਭਿਆਸ ਵੀ ਕਰਵਾਇਆ ਜਾਵੇਗਾ। ਜਿਵੇਂ-

1. ਅ+ਜ+ਗ+ਰ = ਅਜਗਰ – ਦਰਸ਼ਨ ਝਟਪਟ ਪਰਬਤ ਪਰ ਚੜ।
2. ਝ+ਟ+ਪ+ਟ = ਝਟਪਟ – ਸ਼ਰਬਤ ਭਰ

- **<u>Resources including ICT (Information and Communication Technology)</u>**

ਇਨਾਂ ਸ਼ਬਦਾਂ ਦਾ ਉਚਾਰਨ ਕਰਵਾਉਣ ਲਈ ਅਧਿਆਪਕ ਦੁਆਰਾ ਬੋਲ ਕੇ Audio ਤੇ video ਵੀ share ਕੀਤੇ ਜਾਣਗੇ ਤਾਂ ਜੋ ਵਿਦਿਆਰਥੀ ਘਰ ਜਾ ਕੇ ਵੀ Practice ਕਰ ਸਕਣ। ਇਸ ਤਰ੍ਹਾਂ ਕਹਿੰਦੇ ਹਨ। Learning ਹੋਰ ਵੀ ਵਧੇਰੇ ਵਧੀਆਂ ਹੋ ਨਿਬੜਦੀ ਹੈ ਜਦੋਂ ਅਸੀਂ youtube ਸਮੂਹਕ ਰੂਪ ਵਿੱਚ ਇਸ ਦਾ ਉਚਾਰਨ ਕਰਦੇ ਹਾਂ। ਛੋਟੀਆਂ-ਛੋਟੀਆਂ ਕਵਿਤਾਵਾਂ ਲਿਖਕੇ ਬੋਲ ਕੇ ਨੱਚ ਕੇ, ਗਾਂ ਕੇ ਬੱਚੇ ਵਧੀਆ ਸਿੱਖਦੇ ਵੀ ਹਨ ਅਤੇ ਅਨੰਦ ਵੀ ਮਾਣਦੇ ਹਨ।

Youtube link - https://youtube.com/watch?v=dEi5AcYqYGE&feature=share

- **<u>Assessment Items</u>**

ਵਿਦਿਆਰਥੀ ਦੀ ਜਾਣਕਾਰੀ ਨੂੰ ਦੇਖਣ ਲਈ ਅਧਿਆਪਕ ਦੁਆਰਾ Assessment sheets ਦਿੱਤੀਆਂ ਜਾਣਗੀਆਂ। ਜਿਵੇਂ ਮੁਕਤਾ ਸ਼ਬਦ ਲਿਖੋ- Write Mukta two, three, four letter words (mix)

1. Write Mukta two, three four letter mix
2. Fill ups in words, sentences

3. Write words in correct form
4. Name the pictures
5. Circle the same word
6. Matching

- **<u>Feedback and Remedial Teaching</u>**

  Reading ਵਿੱਚ ਕਮਜੋਰ ਬੱਚਿਆਂ ਵੱਲ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਨੂੰ ਵਾਰ-ਵਾਰ ਕੋਲ ਬੁਲਾ ਕੇ ਜਾ ਵਧੀਆ ਕਾਰਗੁਜਾਰੀ ਕਰਕੇ ਬੱਚਿਆਂ ਨਾਲ ਬਿਠਾ ਕੇ ਵਾਰ-ਵਾਰ ਅਭਿਆਸ ਕਰਨ ਵੱਲ ਪ੍ਰੇਰਿਆਂ ਜਾਵੇਗਾ। ਅੱਖਰਾਂ ਦੀ ਬਣਤਰ ਸਹੀ ਕਰਵਾਈ ਜਾਵੇਗੀ।

- **<u>Inclusive Practices and Full Participation without discrimination.</u>**

**1.** Group Activity
**2.** Reading Books
**3.** Watching Videos
**4.** Charts

**ਅਗਸਤ - 2025**

**Topic – Mukta four letter words**
**Kanna two letter words**

**Name the pictures Kanna two, Mukta four letter words, write words in correct form, Fill ups in sentences, Circle the same word.**

- **No. of days required to complete the topic – 20**

1. **<u>Knowledge objective</u> – Learning Outcomes**

   ਇਸ ਵਿੱਚ ਬੱਚੇ ਮੁਕਤਾ ਚਾਰ ਅੱਖਰੇ ਸ਼ਬਦਾਂ ਬਾਰੇ ਜਾਣਨਗੇ ਕਿ ਇਨ੍ਹਾਂ ਨੂੰ ਕਿਵੇਂ ਬੋਲਿਆ ਜਾਂਦਾ ਹੈ ਅਤੇ ਇਸ ਨੂੰ ਕਿਸ ਤਰ੍ਹਾਂ ਲਿਖ ਕੇ ਵਿਖਾ ਸਕਦੇ ਹਾਂ। ਛੋਟੇ-ਛੋਟੇ ਵਾਕਾਂ ਦੀ ਬਣਤਰ ਕਿਵੇਂ ਹੋ ਸਕਦੀ ਹੈ ਮੁਕਤਾ ਤੋਂ ਬਾਅਦ ਕੰਨਾ ਮਾਤਰਾ ਬਾਰੇ ਵੀ ਬੱਚੇ ਜਾਣਨਗੇ।

2. **<u>Understanding Objective</u>**

   ਬੱਚੇ ਜਦੋਂ ਨਵੇਂ ਸ਼ਬਦ ਪੜ੍ਹਨਗੇ ਅਤੇ ਲਿਖਣਗੇ ਤਾਂ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਹੋਵੇਂਗਾ। ਨਾਲ ਹੀ ਉਹ ਨਵੇਂ ਅਰਥਾਂ ਬਾਰੇ ਜਾਣਨਗੇ। ਸ਼ਬਦਾਂ ਦੇ ਉਚਾਰਨ ਨਾਲ ਉਨਾਂ ਦੀ ਸ਼ਬਦਾਵਲੀ ਵਿੱਚ ਵੀ ਸੁਧਾਰ ਹੋਵੇਗਾ।

3. **<u>Skill Objective</u>**

   ਸ਼ਬਦਾਂ ਦੀ ਸਹਾਇਤਾ ਨਾਲ ਅਨੇਕਾਂ ਸੰਬੰਧਿਤ ਚਿੱਤਰ ਬਣਾ ਕੇ ਨਾਂ ਵੀ ਦੱਸਣਗੇ ਅਤੇ ਚਿੱਤਰ ਵਿੱਚ ਖੂਬਸੂਰਤੀ ਨਾਲ ਰੰਗ ਭਰਨਗੇ ਅਤੇ ਕਲਾ ਦਾ ਪ੍ਰਗਟਾਵਾ ਕਰਨਗੇ।

4. **<u>Previous Knowledge Testing</u>**

   ਮੁਕਤਾ ਦੋ, ਤਿੰਨ, ਚਾਰ ਅੱਖਰੇ ਸ਼ਬਦਾਂ ਬਾਰੇ ਵਿਦਿਆਰਥੀਆਂ ਨੂੰ ਪੁੱਛਿਆਂ ਜਾਵੇਗਾ ਕਿ ਉਹ ਇਨਾਂ ਦਾ ਉਚਾਰਨ ਕਿਵੇਂ ਕਰਨਗੇ ਅਤੇ ਕਿਵੇਂ ਲਿਖਣਗੇ ਅਤੇ ਇਨਾਂ ਦਾ ਅਰਥ ਕੀ ਹੈ ਬਾਰੇ ਵੀ ਦੱਸਣਗੇ ਨਾਲ ਹੀ ਇਨਾਂ ਨਾਲ ਜੁੜੇ ਹੋਰ ਸ਼ਬਦਾਂ ਬਾਰੇ ਵੀ ਉਨਾਂ ਤੋਂ ਅਧਿਆਪਕ ਪੁੱਛੇਗਾ।

- **<u>Teaching Aids</u> –** Chalk, Duster, Board, Charts, Books, Youtube links.

- **<u>Pedagogical Strategies</u>**

  ਮੁਕਤਾ ਚਾਰ ਅੱਖਰੇ ਸ਼ਬਦਾਂ ਦੇ ਨਾਲ ਹੁਣ ਕੰਨਾ ਦੋ ਅੱਖਰੇ ਸ਼ਬਦਾਂ ਦੇ ਬਾਰੇ ਪੜ੍ਹਨਗੇ। ਪੁਸਤਕ ਸ਼ਬਦ ਰੂਪ ਵਿੱਚੋਂ ਇਨਾਂ ਸ਼ਬਦਾਂ ਦੀ Reading ਕਰਵਾਈ ਜਾਵੇਗੀ। ਬੱਚਿਆਂ ਨੂੰ ਦੱਸਿਆ ਜਾਵੇਗਾ ਕਿ ਕੰਨਾ ਸ਼ਬਦ ਕਿਵੇ ਬੋਲੇ ਜਾਂਦੇ ਹਨ ਅਤੇ ਕੰਨਾ ਸ਼ਬਦ ਕਿਵੇਂ ਲਿਖੇ ਜਾਂਦੇ ਹਨ। ਜਿਵੇਂ

ਕਾ+ਰ = ਕਾਰ          ਹਾ+ਰ = ਹਾਰ

ਦਾ+ਲ = ਦਾਲ          ਤਾ+ਲਾ = ਤਾਲਾ

ਸ਼ਬਦਾਂ ਦੇ ਨਾਲ ਜੁੜੇ ਚਿੱਤਰਾਂ ਬਾਰੇ ਵੀ ਦੱਸਿਆ ਜਾਵੇਗਾ ਅਤੇ ਉਨ੍ਹਾਂ ਵਿੱਚ ਰੰਗ ਭਰਨਗੇ ਅਤੇ ਆਲੇ ਦੁਆਲੇ ਦੇ ਚਿੱਤਰਾਂ ਬਾਰੇ ਵੀ ਉਹ ਵਿਚਾਰ ਵਟਾਂਦਰਾ ਕਰਨਗੇ।

- **Flash-Cards –** Experiential Learning

  ਕੰਨਾ ਦੋ ਅੱਖਰੇ ਸ਼ਬਦਾਂ ਨਾਲ ਸੰਬੰਧਿਤ ਸ਼ਬਦਾਂ ਦੇ ਬੱਚੇ Flash card ਬਣਾ ਕੇ ਲਿਆਉਣਗੇ। ਉਨ੍ਹਾਂ ਨੂੰ ਮੁਕਤਾ ਸ਼ਬਦਾਂ ਨਾਲ ਸੰਬੰਧਿਤ Flash Card ਵੀ ਨਾਲ mix ਕਰਵਾ ਕੇ ਵੱਖ-ਵੱਖ ਕਰਨ ਲਈ ਕਿਹਾ ਜਾਵੇਗਾ। ਇਸ ਲਈ ਬੱਚੇ ਗੱਤੇ ਜਾਂ ਥਰਮਾਕੋਲ ਜਾਂ ਸਖਤ ਕਾਗਜ ਉੱਤੇ ਚਿੱਤਰ ਲਗਾ ਕੇ ਨਾਂ ਲਿਖ ਕੇ ਰੰਗ ਵੀ ਭਰਨਗੇ। ਜਿਵੇਂ ਕਾਰ, ਹਾਰ, ਤਾਲਾ, ਰਾਜਾ, ਵਾਜਾ ਆਦਿ। ਵਧੀਆ ਲਿਖਾਈ ਨਾਲ ਉਹ ਆਪਣੀ ਕਲਾ ਦਾ ਪ੍ਰਗਾਟਾਵਾ ਵੀ ਕਰਨਗੇ।

- **Art Integration**

  ਮੁਕਤਾ ਸ਼ਬਦਾਂ ਅਤੇ ਕੰਨਾ ਦੋ ਅੱਖਰੇ ਸ਼ਬਦਾਂ ਨੂੰ ਬੋਰਡ ਤੇ ਬਣਾ ਕੇ ਕਾਪੀਆਂ ਤੇ ਕਰਨ ਲਈ ਵਿਦਿਆਰਥੀਆਂ ਨੂੰ ਕਿਹਾ ਜਾਵੇਗਾ। ਉਹ ਆਪਣੀ ਸਮਝ ਮੁਤਾਬਕ ਚਿੱਤਰ ਬਣਾ ਕੇ ਰੰਗ ਭਰਨਗੇ ਅਤੇ ਉਨ੍ਹਾਂ ਦੇ ਆਪਸੀ ਫਰਕ ਬਾਰੇ ਆਪਣੀ ਵਿਚਾਰ ਵਟਾਂਦਰਾ ਵੀ ਕਰਨਗੇ ਅਤੇ ਨਾਲ ਹੀ ਉਨਾਂ ਨੂੰ ਛੋਟੇ-ਛੋਟੇ ਵਾਕ ਉਨਾਂ ਦੇ ਸ਼ਬਦਾਂ ਦੇ ਅਧਾਰ ਤੇ ਬੋਲਣ ਲਈ, ਸਮਝ ਕੇ ਕਿਹਾ ਜਾਵੇਗਾ। ਜਿਵੇਂ ਹਾਰ ਕਿੰਨੀ ਤਰ੍ਹਾਂ ਦੇ ਹੋ ਸਕਦੇ ਹਨ ਅਤੇ ਕਾਰਾਂ ਕਿੰਨੀ ਤਰਾਂ ਦੀ ਹੋ ਸਕਦੀਆਂ ਹਨ ਬੱਚੇ ਕਾਰਾਂ ਦੇ ਵੱਖ ਵੱਖ ਨਾਂ ਬਾਰੇ ਵੀ ਦੱਸਣਗੇ। ਤਾਲਾ ਅਸੀਂ ਕਿਉਂ ਵਰਤਦੇ ਹਾਂ। ਰਾਜਾ King ਹੁੰਦਾ ਹੈ। ਵਾਜਾ ਸ਼ਬਦ ਦਾ ਅਰਥ ਕੀ ਹੁੰਦਾ ਹੈ ਅਤੇ ਇਸ ਨੂੰ ਕਿਵੇਂ ਵਜਾਇਆ ਜਾਂਦਾ ਹੈ। ਇਨਾਂ ਸ਼ਬਦਾਂ ਨੂੰ ਕਵਿਤਾ ਰਾਹੀਂ ਲੈਅ ਬੱਧ ਕਰਕੇ ਉਹ ਗਾਉਣਗੇ ਵੀ ਅਤੇ Act ਵੀ ਕਰਕੇ ਦਿਖਾਣਗੇ। ਇਸ ਤਰ੍ਹਾਂ ਉਨਾਂ ਦੇ ਸ਼ਬਦ ਭੰਡਾਰ ਅਤੇ ਗਿਆਨ ਵਿੱਚ ਵੀ ਵਾਧਾ ਹੋਵੇਗਾ।

- **Interdisciplinary linkages and infusion of life skills**

  ਵੱਖ-ਵੱਖ ਚਿੱਤਰਾਂ ਰਾਹੀਂ ਵਿਦਿਆਰਥੀ ਅਤੇ ਨਵੇਂ-ਨਵੇਂ ਚਿੱਤਰਾਂ ਰਾਹੀਂ ਅਧਿਆਪਕ ਆਪਸ ਵਿੱਚ ਵਿਚਾਰ ਵਟਾਂਦਰਾ ਕਰਨਗੇ। ਵਾਲ, ਹਾਲ, ਕਾਲਾ, ਨਾਲ, ਕਾਕਾ, ਬਾਲ, ਹਰਾ, ਹਾਰ ਵਰਗੇ ਸ਼ਬਦਾਂ ਨੂੰ ਦੂਸਰੇ ਵਿਸ਼ਿਆਂ ਨਾਲ ਵੀ ਜੋੜਨਗੇ। ਜਿਵੇਂ ਹਾਰ ਅਤੇ ਹਰਾ ਵਰਗੇ ਸ਼ਬਦ ਅੱਖਰਾਂ ਦੇ ਆਧਾਰ ਤੇ ਬਿਲਕੁਲ ਮਿਲਦੇ ਜੁਲਦੇ ਹਨ ਪਰ ਅਰਥ ਵੱਖ-ਵੱਖ ਹਨ। ਹਾਰ-ਗਲੇ ਵਿੱਚ ਪਾਉਣ ਵਾਲਾ ਹਾਰ,

ਹਰਾ ਇੱਕ ਰੰਗ ਦਾ ਨਾਂ। ਇਸੇ ਤਰ੍ਹਾਂ ਵਾਲ ਅਤੇ ਬਾਲ ਵਿੱਚ ਉਹ ਫਰਕ ਸਮਝਕੇ ਅਰਥਾਂ ਨੂੰ ਜਾਣਨਗੇ। ਬੱਚਿਆਂ ਨੂੰ ਕਾਲਾ ਰੰਗ ਬਾਰੇ ਪਹਿਲਾਂ ਸਕੂਲ ਵਿੱਚ ਬਲੈਕ ਬੋਰਡ ਦਾ ਰੰਗ ਨਾਲ ਸਮਝਾਇਆ ਜਾਵੇਗਾ ਕਿ ਦੇਖੋ ਇਸ ਤੇ ਲਿਖਣ ਲਈ ਅਸੀਂ ਵੱਖ-ਵੱਖ ਰੰਗਾਂ ਦੇ ਚਾਕ ਦੀ ਵਰਤੋਂ ਕਰਦੇ ਹਨ ਜੋ ਕਿ ਕਾਲੇ ਰੰਗ ਉੱਤੇ ਹੀ ਉਭਰਦੇ ਹਨ ਨਾਲ ਹੀ ਆਲੇ ਦੁਆਲੇ ਦੀਆਂ ਵਸਤਾਂ ਬਾਰੇ, ਜਾਨਵਰਾਂ, ਪੰਛੀਆਂ, ਫਲਾਂ, ਸਬਜੀਆਂ ਨਾਲ ਕੰਨਾ ਦੇ ਅੱਖਰੇ ਸ਼ਬਦਾਂ ਨਾਲ ਜੋੜ ਕੇ ਦੱਸਿਆ ਜਾਵੇਗਾ ਕਿ ਸਾਡੇ ਕੋਲ ਬਹੁਤ ਸਾਰੇ ਸ਼ਬਦ ਹਨ ਜਿਸ ਨਾਲ ਸਾਡੀ ਸਬਦਾਵਲੀ ਵਿੱਚ ਵਾਧਾ ਹੋਵੇਗਾ। ਉਹ ਵਧੇਰੇ ਸਿੱਖਣਗੇ।

https://youtube.com/watch?v=CmOgF02BD8A&feature=share

- **<u>Recapitulation</u>**

ਵਿਦਿਆਰਥੀਆਂ ਨੂੰ ਪ੍ਰਸ਼ਨ ਪੁੱਛੇ ਜਾਣਗੇ ਕਿ ਤੁਸੀਂ ਇੰਨੇ ਸ਼ਬਦ ਪੜ੍ਹੇ ਅਤੇ ਲਿਖੇ ਤਾਂ ਤੁਹਾਨੂੰ ਕੀ ਸਮਝ ਆਇਆ ਤਾਂ ਉਦੋਂ ਬੱਚੇ ਆਪਣੀ ਸਮਝ ਨੂੰ ਜਮਾਤ ਵਿੱਚ ਉਜਾਗਰ ਕਰਨਗੇ ਨਾਲ ਹੀ ਆਪਣੇ ਨਵੇਂ ਸਮਝ ਆਏ ਸ਼ਬਦਾਂ ਬਾਰੇ ਵੀ ਦੱਸਣਗੇ। ਜਿਵੇਂ ਉਹ ਦੱਸਣਗੇ ਕਿ ਮੇਰੇ ਪਾਪਾ ਨਵੀਂ ਕਾਰ ਲੈ ਕੇ ਆਉਣਗੇ। ਜਾ ਲੈ ਕੇ ਆਏ ਹਨ ਉਸ ਦਾ ਰੰਗ, ਨਾਂ ਅਤੇ ਮਾਡਲ ਬਾਰੇ ਵੀ ਦੱਸਣਗੇ। ਬੱਚਿਆਂ ਨੂੰ ਇਸ ਸੰਬੰਧੀ ਚਿੱਤਰ ਬਣਾਉਣ ਲਈ ਜਾਂ ਪੇਸਟ ਕਰਨ ਲਈ ਕਿਹਾ ਜਾਵੇਗਾ ਅਤੇ ਉਹ ਆਪਣੇ ਗਿਆਨ ਵਿੱਚ ਵਾਧਾ ਵੀ ਕਰਨਗੇ।

- **<u>Resources including ICT (Information and Communication Technology)</u>**

ਅਧਿਆਪਕ ਵਿਦਿਆਰਥੀਆਂ ਨੂੰ ਸਮਾਰਟ ਕਲਾਸ ਰਾਹੀਂ youtube links ਰਾਹੀਂ, ਨਵੀਆਂ ਤਕਨੀਕਾਂ ਨਾਲ ਜੋੜਨਗੇ। ਪਹਿਲਾਂ ਸਿੱਖਿਆ ਕਿਤਾਬਾਂ ਤੱਕ ਹੀ ਸੀਮਤ ਰਹਿੰਦੀ ਸੀ ਪਰ ਹੁਣ ਸਿੱਖਿਆ ਪ੍ਰਣਾਲੀ ਵਿਦਿਆਰਥੀਆਂ ਨੂੰ ਇਕਾਗਰਤਾ, ਇਕਸਾਰਤਾ ਬਣਾਈ ਰੱਖਣ ਲਈ ਹੋਰ ਅਨੇਕਾਂ ਵਿਸ਼ਿਆਂ ਨਾਲ ਜੋੜ ਕੇ ਚਲਦੀ ਹੈ। ਹੁਣ ਵਿਦਿਆਰਥੀਆਂ ਦੀ ਸੋਚ ਦਾ ਦਾਇਰਾ ਲਗਾਤਾਰ ਵੱਧ ਰਿਹਾ ਹੈ। ਉਹ ਵਧੇਰੇ ਜਾਣਨਾ ਚਾਹੁੰਦੇ ਹਨ ਅਤੇ ਉਹ ਅਧਿਆਪਕ ਨੂੰ ਵਧੇਰੇ ਪ੍ਰਸ਼ਨ ਪੁੱਛਦੇ ਵੀ ਹਨ. ਇਸ ਲਈ ਅਧਿਆਪਕ ਉਨਾਂ ਨੂੰ ਵੱਖ-ਵੱਖ ਵਿਸ਼ਿਆਂ ਦੀਆਂ ਉਦਾਹਰਨਾਂ ਦੇ ਕੇ ਉਨਾਂ ਦੇ ਸ਼ਬਦ ਭੰਡਾਰ ਵਿੱਚ ਵਾਧਾ ਕਰਨਗੇ।

- **<u>Assessment Items</u>**

ਵਿਦਿਆਰਥੀਆਂ ਨੂੰ ਵੱਖ-ਵੱਖ worksheets ਦਿੱਤੀਆਂ ਜਾਣਗੀਆਂ ਤਾਂ ਜੋ ਉਨਾਂ ਦੇ ਗਿਆਨ ਬਾਰੇ ਪਤਾ ਲਗਾਇਆ ਜਾ ਸਕੇ ਕਿ ਉਨਾਂ ਨੂੰ ਕੀ ਸਮਝ ਆਇਆ ਹੈ।

- **<u>Feedback and Remedial Teaching</u>**

  Reading ਵਿੱਚ ਕਮਜੋਰ ਬੱਚਿਆਂ ਨੂੰ ਵਾਰ-ਵਾਰ ਕੋਲ ਬੁਲਾ ਕੇ Reading ਕਰਨ ਲਈ ਕਿਹਾ ਜਾਵੇਗਾ ਤੇ ਅਧਿਆਪਕ ਅਭਿਆਸ ਵੀ ਕਰਵਾਉਣਗੇ। ਲਿਖਤੀ ਅਭਿਆਸ ਵੀ ਕਰਵਾਇਆ ਜਾਵੇਗਾ ਤਾਂ ਜੋ ਉਹ ਸੁੰਦਰ ਅਤੇ ਵਧੀਆ ਲਿਖਾਈ ਵਿੱਚ ਲਿਖਣ।

- **<u>Inclusive Practices and Full Participation without discrimination.</u>**

**1.** Group Activity
**2.** Reading Books
**3.** Watching Videos
**4.** Charts

## Class-I

## Session - 2025-26

## UNIT - II

**ਅਕਤੂਬਰ - 2025**

**No. of Teaching Days – 22**

**Kanna two, three letter words**

**Kanna two, three letter words (mix) Name the pictures, Fill ups in words sentences Circle the same word, Tick the correct word, write words in full form, Matching, Put Kanna matra.**

1. **Knowledge objective – Learning Outcomes**

   ਇਸ ਵਿੱਚ ਵਿਦਿਆਰਥੀ ਜਾਣਨਗੇ ਕਿ ਨਵੇਂ ਸ਼ਬਦ ਕਿਵੇਂ ਬੋਲੇ ਜਾਂ ਲਿਖੇ ਜਾ ਸਕਦੇ ਹਨ। ਸ਼ਬਦਾਂ ਦੀ ਸਹਾਇਤਾ ਨਾਲ ਛੋਟੇ-ਛੋਟੇ ਵਾਕ ਵੀ ਬਣਾਏ ਜਾ ਸਕਦੇ ਹਨ। ਇਸ ਤਰ੍ਹਾਂ ਉਨਾਂ ਦੀ ਸ਼ਬਦਾਵਲੀ ਅਤੇ ਸ਼ਬਦ ਭੰਡਾਰ ਵਿੱਚ ਵਾਧਾ ਹੋਵੇਗਾ।

2. **Understanding Objective**

   ਜਦੋਂ ਬੱਚੇ ਨਵੇਂ ਸ਼ਬਦ ਸਿੱਖਣਗੇ ਤਾਂ ਉਨਾਂ ਦੇ ਗਿਆਨ ਵਿੱਚ ਵੀ ਵਾਧਾ ਹੋਵੇਗਾ। ਉਹ ਆਲੇ ਦੁਆਲੇ ਦੀਆਂ ਉਦਾਹਰਨਾਂ ਲੈ ਕੇ ਨਵੇਂ ਸ਼ਬਦ ਬਣਾਉਣ ਦੇ ਕਾਬਲ ਬਣਨਗੇ। ਨਵੀਂ ਅਰਥਾਂ ਨੂੰ ਸਮਝਣਗੇ।

3. **Skill Objective**

   ਨਵੇਂ ਸ਼ਬਦਾਂ ਬਾਰੇ ਜਾਣ ਕੇ ਵਿਦਿਆਰਥੀਆਂ ਵਲੋਂ ਚਿੱਤਰ ਨੂੰ ਬਣਾ ਕੇ ਰੰਗ ਭਰੇ ਜਾਣਗੇ। ਇਸ ਤਰ੍ਹਾਂ ਉਹ ਆਪਣੀ ਕਲਾ ਦਾ ਪ੍ਰਦਸ਼ਨ ਕਰਨਗੇ। ਨਾਲ ਹੀ colour combination ਬਾਰੇ ਹੋਰ ਵਧੀਆ ਤਰੀਕੇ ਨਾਲ ਆਪਣੀ ਕਲਾ ਦਾ ਪ੍ਰਗਟਾ ਕਰਨਗੇ।

4. **Previous Knowledge Testing**

   ਪਾਠਾਂ ਸੰਬੰਧੀ ਰੋਚਕਤਾ ਪੈਦਾ ਕਰਨ ਲਈ ਉਨਾਂ ਦੇ ਪਹਿਲਾਂ ਪ੍ਰਾਪਤ ਕੀਤੇ ਗਿਆਨ ਬਾਰੇ ਵੀ ਜਾਣਿਆ ਜਾਵੇਗਾ। ਉਨਾਂ ਨੂੰ ਪੁੱਛਿਆ ਜਾਵੇਗਾ ਕਿ ਉਹ ਅੱਖਰਾਂ ਬਾਰੇ, ਮੁਕਤਾ ਸ਼ਬਦਾਂ ਬਾਰੇ, ਕੰਨਾ ਦੋ ਬਾਰੇ ਜਾਣ ਦੇ ਹਨ ਕਿ ਨਹੀਂ ਜੋ ਕਿ ਉਨਾਂ ਲਈ ਵਧੀਆ ਅਨੁਭਵ ਹੋਵੇਗਾ।

- **Teaching Aids –** Chalk, Duster, Board, Charts, Books, Youtube links.

- **<u>Pedagogical Strategies</u>**

  ਮੁਕਤਾ ਸ਼ਬਦਾਂ ਤੋਂ ਬਾਅਦ ਬੱਚੇ ਕੰਨਾ ਦੋ ਤਿੰਨ ਅੱਖਰੇ ਸ਼ਬਦ ਵੀ ਪੜ੍ਹਨਗੇ। ਪੁਸਤਕ ਸ਼ਬਦ ਰੂਪ ਵਿੱਚੋਂ ਇਨਾਂ ਸ਼ਬਦ ਦੀ Reading ਕਰਾਈ ਜਾਵੇਗੀ। ਬੱਚੇ ਸਿੱਖਣਗੇ ਕਿ ਇਨਾਂ ਨੂੰ ਕਿਵੇਂ ਬੋਲਿਆ ਅਤੇ ਪੜ੍ਹਿਆ ਜਾਂਦਾ ਹੈ।

  ਪੁਸਤਕ ਵਿੱਚੋਂ ਇਨਾਂ ਸ਼ਬਦਾਂ ਦੇ ਚਿੱਤਰਾਂ ਦੀ ਵੀ ਜਾਣਕਾਰੀ ਪ੍ਰਾਪਤ ਕਰਕੇ ਉਹ ਇਨਾਂ ਦੇ ਚਿੱਤਰਾ ਨੂੰ ਬਰੋਡ ਤੋਂ ਦੇਖ ਕੇ ਕਾਪੀ ਵਿੱਚ ਬਣਾਉਣਗੇ।

- **<u>Flash-Cards</u> –** Experiential Learning

  ਕੰਨਾ ਦੋ ਦੇ ਨਾਲ-ਨਾਲ ਬੱਚਿਆ ਤੋਂ ਕੰਨਾ ਤਿੰਨ ਅੱਖਰੇ ਸ਼ਬਦਾਂ ਦੇ Flash card ਅਤੇ Chart ਵੀ ਬਣਵਾਏ ਜਾਣਗੇ। ਇਨਾਂ Flash cards ਨੂੰ ਬੱਚੇ ਘਰ ਤੋਂ ਸਖਤ ਗੱਤੇ ਜਾ ਕਾਗਜ ਉੱਤੇ ਵੀ ਬਣਾ ਕੇ ਚਿੱਤਰ ਬਣਾ ਕੇ ਅਤੇ ਨਾਂ ਲਿਖਕੇ ਲੈ ਕੇ ਆਉਣਗੇ। ਉਹ ਇਨਾਂ ਦੇ ਨਾਂ ਪੜ੍ਹਕੇ ਦੱਸਣਗੇ ਅਤੇ ਆਪਣੀ ਪਸੰਦ ਅਤੇ ਜਰੂਰਤ ਮੁਤਾਬਕ ਰੰਗ ਵੀ ਭਰਨਗੇ। ਜਿਵੇਂ ਬਾਲਕ, ਪਾਲਕ, ਭਾਰਤ, ਪਰਾਤ, ਸਵਾਲ-ਜਵਾਬ ਆਦਿ ਸ਼ਬਦਾਂ ਬਾਰੇ ਪੜ੍ਹਕੇ ਆਪਣੀ ਸ਼ਬਦ ਭੰਡਾਰ ਵਿੱਚ ਵਾਧਾ ਵੀ ਕਰਨਗੇ।

- **<u>Art Integration</u>**

  ਕੰਨਾ ਦੋ ਅੱਖਰੇ ਸ਼ਬਦਾਂ ਅਤੇ ਤਿੰਨ ਅੱਖਰੇ ਸ਼ਬਦਾਂ ਨੂੰ ਵੱਖ-2 ਕਰਕੇ ਲਿਖਵਾਇਆ ਅਤੇ ਚਿੱਤਰਾਂ ਵਿੱਚ ਰੰਗ ਵੀ ਭਰਵਾਇਆ ਜਾਵੇਗਾ। ਉਹ ਜਿਵੇਂ ਭਾਰਤ ਚਿੱਤਰ ਵਿੱਚ ਨਕਸ਼ੇ ਜਾਂ ਝੰਡੇ ਵਿੱਚ ਰੰਗ ਭਰਕੇ ਆਪਣੀ ਸਮਝ ਮੁਤਾਬਕ ਕੁਝ ਵਾਕ ਵੀ ਬੋਲਣਗੇ। ਅਧਿਆਪਕ ਉਨਾਂ ਨੂੰ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨਗੇ। ਉਨਾਂ ਨੂੰ ਕੰਨਾ ਦੋ ਅਤੇ ਕੰਨਾ ਤਿੰਨ ਅੱਖਰੇ ਸ਼ਬਦਾਂ ਸੰਬੰਧੀ ਹੋਰ ਚਿੱਤਰ ਇੱਕਠੇ ਕਰਕੇ ਲਿਆਉਣ ਲਈ ਕਿਹਾ ਜਾਵੇਗਾ। ਉਹ ਅਧਿਆਪਕ ਨਾਲ ਆਪਣੀ ਜਾਣਕਾਰੀ ਵੀ ਸਾਂਝੀ ਕਰਨਗੇ। ਇਨਾਂ ਸ਼ਬਦਾਂ ਨੂੰ ਕਵਿਤਾ ਰਾਹੀਂ ਗਾ ਕੇ ਨੱਚ ਕੇ ਆਪਣੇ ਪ੍ਰਾਪਤ ਕੀਤੇ ਗਿਆਨ ਸੰਬੰਧੀ ਆਪਣੀ ਕਲਾ ਦਾ ਪ੍ਰਗਟਾਵਾ ਵੀ ਕਰਨਗੇ।

- **<u>Interdisciplinary linkages and Infusion of Life-Skills</u>**

  ਵਿਦਿਆਰਥੀਆਂ ਨੂੰ ਵੱਖ-ਵੱਖ ਸ਼ਬਦਾਂ ਦੇ ਉਚਾਰਨ ਸੰਬੰਧੀ ਜਾਣਕਾਰੀ ਦੇ ਕੇ ਚਿੱਤਰ ਬਣਾ ਕੇ ਰੰਗ ਭਰਨ ਲਈ ਕਿਹਾ ਜਾਵੇਗਾ। ਇਸ ਲਈ ਆਲੇ ਦੁਆਲੇ ਦੀਆਂ ਉਦਾਹਰਨਾਂ ਦੇ ਕੇ ਨਵੇਂ ਸ਼ਬਦ ਲੱਭਣ ਨਵੇਂ ਵਾਕ ਬਣਾਉਣ ਲਈ ਕਿਹਾ ਜਾਵੇਗਾ। youtube links ਰਾਹੀਂ ਉਨਾਂ ਨੂੰ videos ਦਿਖਾ ਕੇ ਹੋਰ ਵਧੇਰੇ ਗਿਆਨ ਹਾਸਲ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ।

  https://youtube.com/watch?v=_6bylpsssmw&feature=share

- **<u>Recapitulation</u>**

  ਵਿਦਿਆਰਤਥੀਆਂ ਨੂੰ ਵੱਖ-ਵੱਖ sheets ਦੇ ਕੇ ਉਨਾਂ ਨੂੰ ਪ੍ਰਾਪਤ ਹੋਏ ਗਿਆਨ ਬਾਰੇ ਪਤਾ ਲਗਾਇਆ ਜਾਵੇਗਾ। Name the picture, Mukta words, kanna two, three letter words ਲਿਖਵਾਏ ਜਾਣਗੇ ਅਤੇ ਬੋਲਣ ਲਈ ਕਿਹਾ ਜਾਵੇਗਾ। Oral Revision ਕਰਵਾਕੇ ਉਨਾਂ ਨੂੰ ਹੋਰ ਵਧੇਰੇ ਗਿਆਨ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ।

- **<u>Resources Including ICT (Information and Communication Technology)</u>**

  Smart Class ਤੇ pendrive ਲਗਾ ਕੇ ਵਿਦਿਆਰਥੀ ਜਮਾਤ ਵਿੱਚ ਬੈਠ ਕੇ ਕੰਨਾ ਦੋ ਅਤੇ ਕੰਨਾ ਤਿੰਨ ਅੱਖਰੇ ਸ਼ਬਦਾਂ ਦੀ ਜਾਣਕਾਰੀ ਹਾਸਲ ਕਰਨਗੇ ਅਤੇ Act ਕਰਨਾ ਸਿੱਖਣਗੇ। ਵੱਖ-ਵੱਖ ਪਾਤਰ ਸ਼ਬਦਾਂ ਦੇ ਬਣ ਕੇ ਆਪਣੀ ਕਲਾ ਦਾ ਸੁੰਦਰਤਾ ਨਾਲ ਪ੍ਰਗਟਾਵਾ ਵੀ ਕਰਨਗੇ। ਜਿਵੇਂ ਉਹ ਛੋਟੇ-ਛੋਟੇ ਨਾਟਕ ਦੇਖ ਕੇ Roll Play ਕਰਨਾ ਵੀ ਸਿੱਖਣਗੇ। youtube links ਦੀ ਸਹਾਇਤਾ ਨਾਲ ਉਹ ਹੋਰ ਵਧੀਆ ਸਿੱਖਣਗੇ ਅਤੇ ਉਨਾਂ ਦੇ ਗਿਆਨ ਵਿੱਚ ਵੀ ਵਾਧਾ ਹੋਵੇਗਾ।

- **<u>Assessment Items</u>**

  ਵਿਦਿਆਰਥੀਆਂ ਨੂੰ ਪ੍ਰਾਪਤ ਹੋਏ ਗਿਆਨ ਦਾ ਪਤਾ ਲਗਾਉਣ ਲਈ ਉਨਾਂ ਨੂੰ Reading ਅਤੇ written worksheets ਦਿੱਤੀਆਂ ਜਾਣਗੀਆਂ। ਜਿਵੇਂ write kanna two, three letter words

- **<u>Feedback and Remedial Teaching</u>**

  ਕਮਜ਼ੋਰ ਵਿਦਿਆਰਥੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। Reading ਅਤੇ writing ਵਿੱਚ ਸੁਧਾਰ ਲਿਆਉਣ ਲਈ ਬੱਚਿਆਂ ਦੇ peer group ਬਣਾਏ ਜਾਣਗੇ। ਅਧਿਆਪਕ ਵਿਦਿਆਰਥੀਆਂ ਨੂੰ ਕਲਾਸਾਂ ਵਿੱਚ ਵੀ ਉਨਾਂ ਦੀ ਕਮਜੋਰੀ ਦੂਰ ਕਰਨ ਦਾ ਵਿਸ਼ੇਸ਼ ਉਪਰਾਲਾ ਕਰਨਗੇ।

- **<u>Inclusive Practices and Full Participation without discrimination.</u>**

**1.** Group Activity
**2.** Reading Books
**3.** Watching Videos
**4.** Charts

**ਨਵੰਬਰ - 2025**

**No. of Teaching Days – 21**

**Kanna two, three letter words**
**Kanna four letter words**

**Name the pictures, Circle the same word, write Kanna two, three, four letter words (mix) Fill ups in words, sentences, write words in correct form**

1. **<u>Knowledge objective</u> – Learning Outcomes**

   ਇਸ ਵਿੱਚ ਵਿਦਿਆਰਥੀ ਜਾਣਨਗੇ ਕਿ ਕੰਨਾ ਚਾਰ ਅੱਖਰੇ ਸ਼ਬਦ ਕਿਵੇਂ ਬੋਲੇ, ਪੜ੍ਹੇ ਅਤੇ ਲਿਖੇ ਜਾ ਸਕਦੇ ਹਨ ਅਤੇ ਇਨਾਂ ਦੀ ਸਹਾਇਤਾ ਨਾਲ ਛੋਟੇ-ਛੋਟੇ ਵਾਕ ਕਿਵੇਂ ਲਿਖੇ ਜਾ ਸਕਦੇ ਹਨ ਅਤੇ ਆਪਣੇ ਗਿਆਨ ਨੂੰ ਅਸੀਂ ਕਿਵੇਂ ਵਧਾ ਸਕਦੇ ਹਾਂ।

2. **<u>Understanding Objective</u>**

   ਅਸੀਂ ਕਿਵੇਂ ਵਧਾ ਸਕਦੇ ਹਾਂ ਬੱਚੇ ਨਵੇਂ ਸ਼ਬਦ ਜਦੋਂ ਸਿੱਖਦੇ ਹਨ ਤਾਂ ਉਹਨਾਂ ਦੇ ਸ਼ਬਦ ਭੰਡਾਰ ਵਿੱਚ ਵੀ ਵਾਧਾ ਹੁੰਦਾ ਹੈ। ਉਹ ਸਮਝਦੇ ਹਨ ਜੇ ਕੰਨਾ ਦੋ ਕਾਰ ਹੈ, ਤਾਂ ਕੰਨਾ ਤਿੰਨ ਅਚਾਰ ਹੈ ਤਾਂ ਕੰਨਾ ਚਾਰ ਦਸਤਾਰ ਹੁੰਦਾ ਹੈ।

3. **<u>Skill Objective</u>**

   ਵਿਦਿਆਰਥੀ ਨਵੇਂ-ਨਵੇਂ ਚਿੱਤਰ ਬਣਾ ਕੇ ਰੰਗ ਭਰਕੇ ਨਾਂ ਲਿਖਕੇ ਆਪਣੀ ਕਲਾ ਦਾ ਪ੍ਰਗਟਾਵਾ ਕਰਨ ਦੇ ਕਾਬਲ ਬਣਨਗੇ।

4. **<u>Previous Knowledge Testing</u>**

   ਵਿਦਿਆਰਥੀਆਂ ਨੂੰ ਪੁੱਛਿਆ ਜਾਵੇਗਾ ਕਿ ਕੰਨਾ ਦੋ, ਤਿੰਨ ਅੱਖਰੇ ਸ਼ਬਦਾਂ ਨੂੰ ਉਨਾਂ ਨੇ ਕਿਵੇਂ ਜਾਣਿਆ ਅਤੇ ਸਮਝਿਆ। ਉਨਾਂ ਨੂੰ ਸ਼ਬਦ ਬੋਲਣ ਅਤੇ ਲਿਖਣ ਲਈ ਕੁਝ worksheets ਵੀ ਦਿੱਤੀਆਂ ਜਾਣਗੀਆਂ। ਤਾ ਜੋ ਉਨਾਂ ਦੇ ਪ੍ਰਾਪਤ ਕੀਤੇ ਗਿਆਨ ਦਾ ਪਤਾ ਲਗਾਇਆ ਜਾ ਸਕੇ।

- **<u>Teaching Aids</u> –** Chalk, Duster, Board, Charts, Books, Youtube links.

- **<u>Pedagogical Strategies</u>**

  ਮੁਕਤਾ ਦੋ, ਤਿੰਨ ਅੱਖਰੇ ਸ਼ਬਦਾਂ ਤੋਂ ਬਾਅਦ ਬੱਚੇ ਕੰਨਾ ਚਾਰ ਅੱਖਰੇ ਸ਼ਬਦਾਂ ਨੂੰ ਪੁਸਤਕ ਸ਼ਬਦ ਰੂਪ ਵਿੱਚੋਂ ਪੜ੍ਹਨਗੇ। ਅਧਿਆਪਕ ਬੋਲ-ਬੋਲ ਕੇ ਸ਼ਬਦਾਂ ਦੀ ਜਾਣਕਾਰੀ ਚਿੱਤਰਾਂ ਨਾਲ ਦੇਣਗੇ। ਬੱਚੇ ਉਨਾਂ ਚਿੱਤਰਾਂ ਨੂੰ ਕਾਪੀ ਉੱਤੇ ਬਣਾਉਣਗੇ। ਅਤੇ ਉਨਾਂ ਵਿੱਚ ਰੰਗ ਭਰਨਗੇ। ਆਲੇ ਦੁਆਲੇ ਦੀਆਂ

ਵਸਤਾਂ ਦੀਆਂ ਉਦਾਹਰਨਾਂ ਦੇ ਕੇ ਉਨਾਂ ਨੂੰ ਸਬਦ ਬੋਲਣ ਲਈ ਪ੍ਰੇਰਿਤ ਕੀਤਾ ਜਾਵੇਗਾ। ਜਿਵੇਂ ਸਰਦਾਰ, ਅਖਬਾਰ, ਦਸਤਾਰ, ਤਲਵਾਰ। ਬੱਚੇ ਹੋਰ ਵੀ ਨਵੇਂ ਸ਼ਬਦ ਬੋਲਣਗੇ ਅਤੇ ਲਿਖਣਗੇ।

- **<u>Flash-Cards</u> –** Experiental Learning

  ਕੰਨਾ ਦੋ ਤਿੰਨ, ਚਾਰ ਅੱਖਰੇ ਸ਼ਬਦਾਂ ਦੇ ਬੱਚੇ Flash card ਬਣਾ ਕੇ ਲਿਆਉਣਗੇ। ਉਨਾਂ ਨੂੰ ਚਿੱਤਰ ਇੱਕ ਗੱਤੇ ਤੇ ਚਿਪਕਾ ਕੇ ਅਤੇ ਨਾਂ ਲਿਖਣ ਲਈ ਕਿਹਾ ਜਾਵੇਗਾ। ਫਿਰ ਉਹ ਖੇਡ-ਖੇਡ ਵਿੱਚ ਵੱਖ-2 ਚਿੱਤਰਾਂ ਦੇ Flash card mix ਬਣਾ ਕੇ ਕੰਨਾ ਦੋ ਤਿੰਨ ਅਤੇ ਚਾਰ ਅੱਖਰੇ ਸ਼ਬਦਾਂ ਨੂੰ ਵੱਖ-2 ਕਰਨਗੇ। ਇਸ ਤਰ੍ਹਾਂ ਉਹ ਵਧੀਆ ਸਿਖਣਗੇ ਅਤੇ ਸ਼ਬਦ ਭੰਡਾਰ ਵਿੱਚ ਵੀ ਵਾਧਾ ਹੋਵੇਗਾ।

- **<u>Art Integration</u>**

  ਹਰ ਵਿਸ਼ਾ ਕਲਾ ਨਾਲ ਜੁੜਿਆ ਹੋਇਆ ਹੈ । ਪਹਿਲਾਂ ਬੱਚੇ ਕੇਵਲ ਇੱਕ ਜਾਂ ਦੋ ਪੁਸਤਕਾਂ ਤੱਕ ਆਪਣੀ ਸਿੱਖਿਆ ਸੀਮਤ ਕਰਦੇ ਰੱਖਦੇ ਸਨ। ਪਰ ਅੱਜ ਦੇ ਸਮੇਂ ਸਿੱਖਿਆ ਕੇਵਲ ਇੱਕ ਵਿਸ਼ੇ ਤੱਕ ਸੀਮਤ ਨਹੀਂ ਰਹਿ ਗਈ। ਸੰਗੀਤ, dance, Roll play, different languages ਦੇ ਨਾਲ ਵਿਦਿਆਰਥੀ ਸ਼ਬਦਾਂ ਨੂੰ ਜੋੜ ਕੇ, ਅਨੰਦ ਮਾਣਨਗੇ। ਅਖ਼ਬਾਰ ਬਾਰੇ ਜਾਣਕਾਰੀ ਇੱਕਠੀ ਕਰਨਗੇ, ਦੱਸਣਗੇ ਕਿ ਸਾਡੇ ਘਰ ਕਿਹੜਾ ਅਖ਼ਬਾਰ ਆਉਂਦਾ ਹੈ, ਅੰਗਰੇਜ਼ੀ ਵਿੱਚ, ਹਿੰਦੀ ਵਿੱਚ ਇਨਾਂ ਸ਼ਬਦਾਂ ਨੂੰ ਕੀ ਬੋਲਦੇ ਹਨ। ਵੱਖ-ਵੱਖ ਰਾਜਾਂ ਵਿੱਚ ਇਨਾਂ ਸ਼ਬਦਾਂ ਨੂੰ ਕਿਵੇਂ ਬੋਲਿਆ ਜਾਂਦਾ ਹੈ? ਉਨਾਂ ਨਾਲ ਵਿਚਾਰ ਵਟਾਰਦਾਂ ਕੀਤਾ ਜਾਵੇਗਾ।

- **<u>Interdisciplinary linkages and Infusion of Life-Skills</u>**

  ਵੱਖ-2 ਚਿੱਤਰਾਂ ਰਾਹੀਂ ਸ਼ਬਦਾਂ ਦੇ ਗੁਣਾਂ ਬਾਰੇ ਵੀ ਦੱਸਿਆ ਜਾਵੇਗਾ।

  https://youtube.com/watch?v=CUVOOyDM3ZM&feature=share

- **<u>Recapitulation</u>**

  ਵਿਦਿਆਰਥੀਆਂ ਨੂੰ ੳ-ਲ਼, ਫਿਰ ਮੁਕਤਾ ਸ਼ਬਦਾਂ ਨੂੰ mix ਅਤੇ ਫੇਰ ਕੰਨਾ ਸ਼ਬਦਾਂ ਨੂੰ mix ਲਿਖਣ ਲਈ ਕਿਹਾ ਜਾਵੇਗਾ। ਤਾਂ ਜੋ ਉਨਾਂ ਦੇ ਪ੍ਰਾਪਤ ਗਿਆਨ ਬਾਰੇ ਪਤਾ ਲਗਾਇਆ ਜਾ ਸਕੇ। ਕੰਨਾ ਆ ਦੀ sound ਦਿੰਦਾ ਹੈ ਅਤੇ ਇਹ ਜਦੋਂ ਕਿਸੇ ਵੀ ਅੱਖਰ ਨਾਲ ਲੱਗਦਾ ਹੈ ਤਾਂ ਉੱਥੋਂ ਆ ਦੀ sound ਆਉਂਦੀ ਹੈ।

- **<u>Resources Including ICT (Information and Communication Technology)</u>**

  ਅਧਿਆਪਕ ਦੁਆਰਾ Audio, video and youtube link share ਕੀਤੀ ਜਾਣਗੇ ਤਾਂ ਜੋ ਬੱਚੇ ਹੋਰ ਵਧੇਰੇ ਗਿਆਨ ਪ੍ਰਾਪਤ ਕਰ ਸਕਣ। ਉਹ ਇਸ ਸੰਬੰਧੀ Role play ਕਰਨਗੇ। ਕਵਿਤਾ ਰਾਹੀਂ ਉਹ ਇਨਾਂ ਸ਼ਬਦਾਂ ਦਾ ਗਾਇਨ ਵੀ ਕਰਨਗੇ।

- **<u>Assessment Items</u>**

  ਵਿਦਿਆਰਥੀਆਂ ਦੀਆਂ sheets ਲਈਆਂ ਜਾਣਗੀਆਂ ਜਿਵੇਂ ਕੰਨਾ ਮਾਤਰਾ ਸ਼ਬਦ ਲਿਖੋ :

  Fill ups in words, sentences

  Circle the correct picture

  Write words in full form

- **<u>Feedback and Remedial Teaching</u>**

  Reading ਅਤੇ writing ਵਿੱਚ ਕਮਜੋਰ ਬੱਚਿਆਂ ਨੂੰ ਕੋਲ ਬੁਲਾ ਕੇ ਪੜ੍ਹਨ ਅਤੇ ਲਿਖਣ ਦਾ ਅਭਿਆਸ ਵਾਰ-ਵਾਰ ਪਾਰ-2 ਕਰਵਾਇਆ ਜਾਵੇਗਾ ਤਾਂ ਜੋ ਉਹ ਵਧੀਆਂ ਅਤੇ ਛੇਤੀ ਸ਼ਬਦਾਂ ਨੂੰ ਪੜ੍ਹਨ ਅਤੇ ਸੁੰਦਰ ਲਿਖਾਈ ਵੱਲ ਪ੍ਰੇਰਿਤ ਹੋਣ।

- **<u>Inclusive Practices and Full Participation without discrimination.</u>**

**1.** Group Activity

**2.** Reading Books

**3.** Watching Videos

**4.** Charts

**ਦਸੰਬਰ - 2025**

**No. of Teaching Days – 19**

**Kanna matra words.**

**Write words in full form, Matching Kanna three, four, write words in correct form. Put (ਾ) Matra, Fill ups in sentences.**

1. **<u>Knowledge objective</u> – Learning Outcomes**

ਕੰਨਾ ਦੋ, ਕੰਨਾ ਤਿੰਨ, ਕੰਨਾ ਚਾਰ ਅੱਖਰੇ ਸ਼ਬਦਾਂ ਬਾਰੇ ਵਿਦਿਆਰਥੀਆਂ ਦੇ ਗਿਆਨ ਬਾਰੇ ਪਤਾ ਲਗਾਇਆ ਜਾਵੇਗਾ। ਇਸੀ ਦੇ ਅਧਾਰ ਤੇ ਵਿਦਿਆਰਥੀ ਛੋਟੇ-ਛੋਟੇ ਸ਼ਬਦਾਂ ਨੂੰ ਬਣਾ ਕੇ ਬੋਲਣ ਦੇ ਕਾਬਲ ਬਣਨਗੇ।

2. **<u>Understanding Objective</u>**

ਨਵੇਂ ਸ਼ਬਦਾਂ ਬਾਰੇ ਗਿਆਨ ਪ੍ਰਾਪਤ ਕਰਕੇ ਵਿਦਿਆਰਥੀਆਂ ਨੂੰ ਆਪਲੇ-ਦੁਆਲੇ ਵਿੱਚੋਂ ਸ਼ਬਦ ਬਣਾਉਣ ਦੇ ਕਾਬਲ ਬਣ ਸਕਣਗੇ। ਉਹ ਆਪ ਛੋਟੇ-ਛੋਟੇ ਵਾਕ ਬੋਲ ਕੇ ਲਿਕਕੇ ਆਪਮੀ ਸਮਝ ਦਾ ਪ੍ਰਗਟਾਵਾ ਕਰਨਗੇ।

3. **<u>Skill Objective</u>**

Kanna matra words ਨੂੰ ਵੱਖ-2 ਤਰਾਂ ਨਾਲ ਚਿੱਤਰਾਂ ਰਾਹੀ ਸਮਝ ਕੇ ਚਿੱਤਰ ਬਣਾ ਕੇ ਰੰਗ ਭਰਕੇ ਹੋਰ ਨਵੇਂ-ਨਵੇਂ ਸ਼ਬਦ ਬਣਾਉਣ ਦੀ ਸਮਝ ਦਾ ਪ੍ਰਗਟਾਵਾ ਰਕਨਗੇ। ਆਪਣੀ ਕਲਾ ਦਾ ਪ੍ਰਗਟਾਵਾ ਕਰਨਗੇ।

4. **<u>Previous Knowledge Testing</u>**

ਪਾਠਾਂ ਸੰਬੰਧੀ ਰੌਚਕਤਾ ਪੈਦਾ ਕਰਨ ਲੀ ਵਿਦਿਆਰਥੀਆਂ ਨੂੰ ਪਹਿਲਾਂ ਪ੍ਰਾਪਤ ਕੀਤੇ ਗਿਆਨ ਬਾਰੇ ਜਾਣਿਆ ਜਾਵੇਗਾ। ਪੁਸਤਕ ਵਿੱਚ ਦਿੱਤੇ ਗਏ ਸ਼ਬਦਾਂ ਤੋਂ ਬਿਨਾਂ ਜਮਾਤ ਵਿੱਚੋਂ ਆਲੇ-ਦੁਆਲੇ ਵਿੱਚੋਂ, ਸਬਜੀਆਂ ਫਲਾਂ ਰੰਗਾ ਦੇ ਨਾਂ ਵਿੱਚੋਂ ਕੰਨਾ ਸ਼ਬਦ ਬੋਲਣਗੇ ਅਤੇ ਲਿਖ ਕੇ ਵਿਖਾਉਣਗੇ। ਇਹ ਉਨਾਂ ਲਈ ਵਧੀਆਂ ਅਨੁਭਵ ਹੋਵੇਗਾ।

- **<u>Teaching Aids</u> –** Chalk, Duster, Board, Charts, Books, Youtube links.
- **<u>Pedagogical Strategies</u>**

Kanna matra ਸ਼ਬਦਾਂ ਦਾ ਗਿਆਨ ਪ੍ਰਾਪਤ ਕਰਕੇ ਉਹ ਵੱਖਰੇ-ਵੱਖਰੇ ਸ਼ਬਦਾਂ ਨੂੰ ਅੱਖਰ ਜੋੜ ਕੇ ਕੰਨਾ ਨਾਲ ਮਾਤਰਾ ਲਗਾਉ, ਚਿੱਤਰ ਵੇਖਕੇ ਸ਼ਬਦਾਂ ਨੂੰ ਮਿਲਾਉ, ਸਹੀ ਸ਼ਬਦ (✓)ਕਰੋ: ਇਨਾਂ ਸਭ ਨੂੰ ਅਸਾਨੀ ਨਾਲ ਕਰਨ ਦੇ ਕਾਬਲ ਬਣਨਗੇ। ਹੋਰ ਨਵੇਂ ਸ਼ਬਦਾਂ ਨੂੰ ਲੱਭ ਕੇ ਲਿਆਉਣ ਦੇ ਸਮੱਰਥ ਹੋਣਗੇ।

- **<u>Flash-Cards</u> –** Experiental Learning

ਵਿਦਿਆਰਥੀਆਂ ਨੂੰ ਵੱਖ-2 ਚਿੱਤਰਾਂ ਦੇ Flash Card ਲਿਆਉਣ ਲਈ ਕਿਹਾ ਜਾਵੇਗਾ। ਵਿਦਿਆਰਥੀ ਇਸ ਤਰ੍ਹਾਂ ਜਲਦੀ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਸਿੱਖਦੇ ਹਨ। ਉਹ ਨਾਂ ਲਿਖ ਕੇ ਚਿੱਤਰ ਬਣਾ ਕੇ ਖੇਡ-ਖੇਡ ਵਿੱਚ ਨਵੇਂ-ਨਵੇਂ ਸ਼ਬਦਾਂ ਦੀ ਜਾਣਕਾਰੀ ਪ੍ਰਾਪਤ ਕਰਨਗੇ। ਇਸ ਤਰ੍ਹਾਂ ਉਨਾਂ ਦੇ ਸ਼ਬਦ ਭੰਡਾਰ ਵਿੱਚ ਵਾਧਾ ਹੋਵੇਗਾ ਅਤੇ ਲਿਖਣ ਢੰਗ ਵਿੱਚ ਸੁਧਾਰ ਹੋਵੇਗਾ। ਆਪਸ ਵਿੱਚ ਉਹ peer group ਬਣਾ ਕੇ ਆਪਣਾ Flash cards ਦਾ ਇੱਕ ਦੂਜੇ ਨਾਲ ਅਦਾਨ ਪ੍ਰਦਾਨ ਵੀ ਕਰਨਗੇ।

- **<u>Art Integration</u>**

  Kanna matra words ਦੇ ਵੱਖ ਚਿੱਤਰਾਂ ਵਿੱਚ ਰੰਗ ਭਰ ਕੇ, ਉਹ ਬਾਕੀ states ਅਤੇ language ਦੇ ਨਾਵਾਂ ਨਾਲ ਵੀ ਜੋੜਨਗੇ। ਸੰਗੀਤਕ ਸ਼ੈਲੀ ਨਾਲ ਉਹ ਨੱਚ ਕੇ ਗਾ ਕੇ ਆਪਣੇ ਹਾਵ-ਭਾਵ ਪ੍ਰਗਟ ਕਰਨਗੇ। ਉਨਾਂ ਤੋਂ Act ਵੀ ਕਰਵਾਏ ਜਾਣਗੇ। ਇਸ ਤਰਾਂ ਇਹ ਉਨ੍ਹਾਂ ਲਈ ਇੱਕ ਵਧੀਆ ਅਨੁਭਵ ਹੋਵੇਗਾ।

- **<u>Interdisciplinary linkages and Infusion of Life-Skills</u>**

  ਵਿਦਿਆਰਥੀਆਂ ਦੇ ਸ਼ਬਦਾਂ ਦੇ ਸਹੀ ਉਚਾਰਨ ਅਤੇ ਸਹੀ ਤਰ੍ਹਾਂ ਨਾਲ ਲਿਖਣ ਦੇ ਕਾਬਲ ਬਣਾਉਣ ਲਈ ਉਨਾਂ ਨੂੰ youtube links ਅਤੇ videos share ਕੀਤੀਆਂ ਜਾਣਗੀਆਂ। ਤਾਂ ਜੋ ਹੋਰ ਵਧੇਰੇ ਸ਼ਬਦ ਲਿਖਣ ਅਤੇ ਹੋਰ ਨਵੇਂ ਵਾਕ ਬਣਾਉਣ। ਉਹ ਇਸ ਤਰ੍ਹਾਂ ਹੋਰ confident ਬਣਦੇ ਹਨ ਅਤੇ ਰੋਚਕਤਾ ਨਾਲ ਨਵਾਂ ਸਿੱਖਦੇ ਵੀ ਹਨ।

  https://youtube.com/watch?v=CUVOOyDM3ZM&feature=share

- **<u>Recapitulation</u>**

  ਕੰਨਾ ਦੋ, ਕੰਨਾ, ਤਿੰਨ ਅਤੇ ਕੰਨਾ ਚਾਰ ਸ਼ਬਦਾਂ ਨਾਲ ਸੰਬੰਧਿਤ sheets ਕਰਵਾਈਆਂ ਜਾਣਗੀਆਂ ਤਾਂ ਜੋ ਉਨਾਂ ਨੂੰ ਪ੍ਰਾਪਤ ਹੋਏ ਗਿਆਨ ਦਾ ਪਤਾ ਲਗਾਇਆ ਜਾ ਸਕੇ। ਜ਼ੁਬਾਨੀ ਅਭਿਆਸ ਵੀ ਕਰਵਾਇਆ ਜਾਵੇਗਾ।

- **<u>Resources Including ICT (Information and Communication Technology)</u>**

  Youtube links ਅਤੇ ਅਧਿਆਪਕਾਂ ਦੁਆਰਾ share ਕੀਤੀਆਂ ਜਾਣਗੀਆਂ ਤਾਂ ਜੋ ਉਹ ਸੰਗੀਤਕ ਅਤੇ Role play method ਨਾਲ ਵਧੇਰੇ ਵਧੀਆ ਸਿੱਖ ਸਕਣ।

- **<u>Assessment Items</u>**

ਵਿਦਿਆਰਥੀਆਂ ਦੀ ਜਾਣਕਾਰੀ ਨੂੰ ਦੇਖਣ ਅਤੇ ਉਨਾਂ ਦਾ ਮੁਲਾਂਕਣ ਕਰਨ ਲਈ ਸਮੇਂ-ਸਮੇਂ ਤੇ worksheets ਲਈਆਂ ਜਾਣਗੀਆਂ। Periodic test-II Unit-11 ਵਿੱਚੋਂ ਲਿਆ ਜਾਵੇਗਾ। ਜਿਸ ਵਿੱਚ ਵਿਦਿਆਰਥੀਆਂ ਦੀਆਂ revision ਵੀ ਲਈਆਂ ਜਾਣਗੀਆਂ ਤਾਂ ਜੋ ਉਹ Periodic test ਲਈ ਚੰਗੀ ਤਰ੍ਹਾਂ ਤਿਆਰ ਹੋ ਸਕਣ।

- **<u>Feedback and Remedial Teaching</u>**

**1.** Group Activity
**2.** Reading Books
**3.** Watching Videos
**4.** Charts

**ਜਨਵਰੀ - 2026**

**No. of Teaching Days – 19**

| | |
|---|---|
| **ਸਿਹਾਰੀ ਮਾਤਰਾ** | **ਬਿਹਾਰੀ ਮਾਤਰਾ** |
| **Reading of Ch-1- ਸਿਹਾਰੀ ਦੀ ਮਾਤਰਾ** | **1. Reading of Ch-2 ਬਿਹਾਰੀ ਮਾਤਰਾ** |
| **Name the pictures** | **2. Name the pictures** |
| **Circle the same word, Fill ups** | **3. Fill ups** |

**ਰੰਗਾਂ ਦੇ ਨਾਂ, ਫਲਾਂ ਦੇ ਨਾਂ, ਸਬਜੀਆ ਦੇ ਨਾਂ**

**1. Knowledge objective – Learning Outcomes**

ਇਸ ਵਿੱਚ ਵਿਦਿਆਰਥੀ ਜਾਣਨਗੇ ਕਿ ਨਵੇਂ ਸ਼ਬਦ ਕਿਵੇਂ ਬੋਲੇ ਜਾ ਸਕਦੇ ਹਨ ਸਿਹਾਰੀ (ਿ) ਮਾਤਰਾ ਇ ਿ ਅਵਾਜ ਅਤੇ ਬਿਹਾਰੀ ੀ ਈ ਦੀ ਅਵਾਜ ਹੈ। ਇਸ ਬਾਰੇ ਜਾਣਨਗੇ।

**2. Understanding Objective**

ਸਿਹਾਰੀ ਿ ਬਿਹਾਰੀ ੀ ਦੀ Reading ਕਰਕੇ ਨਵੇਂ ਸ਼ਬਦ ਬੋਲਣੇ ਸਿੱਖਣਗੇ। ਇਸ ਤਰ੍ਹਾਂ ਉਹਨਾਂ ਦੇ ਗਿਆਨ ਵਿੱਚ ਵਾਧਾ ਹੋਵੇਗਾ। ਸ਼ਬਦਾਂ ਨੂੰ ਪੜ੍ਹ ਕੇ ਉਹ ਅਰਥਾਂ ਬਾਰੇ ਜਾਣਨਗੇ।

**3. Skill Objective**

ਸ਼ਬਦਾਂ ਨਾਲ ਸੰਬੰਧਿਤ ਚਿੱਤਰ ਬਣਾ ਕੇ ਵਿਦਿਆਰਥੀ ਨਵੇਂ ਅਨੇਕਾਂ ਸ਼ਬਦਾਂ ਬਾਰੇ ਜਾਣਨਗੇ ਅਤੇ ਨਵੇਂ ਅਰਥ ਸਮਝਣਗੇ। ਸ਼ਬਦਾਂ ਦੇ ਭੰਡਾਰ ਵਿੱਚ ਵਾਧਾ ਹੋਵੇਗਾ।

**4. Previous Knowledge Testing**

ਬੱਚਿਆਂ ਦੇ ਪਿਛਲੇ ਗਿਆਨ ਬਾਰੇ ਜਾਣਨ ਲਈ ਉਨਾਂ ਨੂੰ Practice sheet-Name the picture, matching, circle the correct picture, sheets ਕਰਵਾ ਕੇ ਪਤਾ ਲਗਾਇਆਂ ਜਾਵੇਗਾ।

- **Teaching Aids –** Chalk, Duster, Board, Charts, Books, Youtube links.
- **Pedagogical Strategies**

Kanna ਸ਼ਬਦਾਂ ਬਾਰੇ ਜਾਣਨ ਲਈ ਉਨਾਂ ਨੂੰ Reading ਅਤੇ Written sheets ਕਰਵਾਈਆਂ ਜਾਣਗੀਆਂ। ਵਿਦਿਆਰਥੀਆਂ ਨੂੰ ਬੋਲੇ ਗਏ ਸ਼ਬਦਾਂ ਦੇ ਅਧਾਰ ਤੇ ਚਿੱਤਰ ਬਣਾ ਕੇ ਰੰਗ ਭਰਨ ਲਈ ਕਿਹਾ ਜਾਵੇਗਾ। ਉਨਾਂ ਨੂੰ ਿ ਅਤੇ ੀ ਸ਼ਬਦਾਂ ਦਾ ਗਿਆਨ ਦੇਣ ਤੋਂ ਪਹਿਲਾਂ ਮਾਤਰਾ ਦੀ sound

ਮੁਹਾਰਨੀਂ ਕਰਵਾਈ ਜਾਵੇਗੀ ਅਤੇ ਚਿੱਤਰ ਕਰਵਾ ਕੇ ਉਨਾਂ ਨੂੰ ਸੁਚਾਰੂ ਰੂਪ ਨਾਲ ਇਨਾਂ ਮਾਤਰਾਵਾਂ ਦਾ ਗਿਆਨ ਪ੍ਰਦਾਨ ਕੀਤਾ ਜਾਵੇਗਾ।

- **<u>Flash-Cards</u> –** Experiental Learning

  ਕੰਨਾ ਸ਼ਬਦਾਂ ਤੋਂ ਬਾਅਦ ਸਿਹਾਰੀ ਅਤੇ ਬਿਹਾਰੀ ਸ਼ਬਦਾਂ ਦੇ Flash cards ਤਿਆਰ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ। ਇਸ ਤਰ੍ਹਾਂ ਵਿਦਿਆਰਥੀ ਵਧੀਆ ਤਰੀਕੇ ਨਾਲ ਸਿੱਖਣ ਵੱਲ ਪ੍ਰਭਾਵਿਤ ਹੋਣਗੇ। ਵਿਦਿਆਰਥੀਆਂ ਨੂੰ ਮਿਕਸ ਮਾਤਰਾ ਦੇ ਚਿੱਤਰ ਬਣਾ ਕੇ ਵੱਖ-2 ਮਾਤਰਾ ਦੇ ਹਿਸਾਬ ਨਾਲ sequence ਬਣਾ ਕੇ ਨਾਂ ਲਿਖਣ ਲਈ ਕਿਹਾ ਜਾਵੇਗਾ। ਤਾਂ ਜੋ ਪੁੱਛਣ ਤੇ ਉਹ ਤੁਰੰਤ ਜਵਾਬ ਦੇ ਸਕਣ। ਇਸ ਤਰ੍ਹਾਂ ਇਹ ਤਕਨੀਕ ਬੱਚਿਆਂ ਲਈ ਵਧੀਆ ਸਾਬਤ ਹੋਵੇਗੀ।

- **<u>Art Integration</u>**

  ਪਿਨ, ਮਿਰਚ, ਹਿਰਨ, ਕਿਰਨ, ਸ਼ਹਿਦ, ਪਿਆਜ਼, ਰਿਕਸ਼ਾ, ਸਿਰ, ਮਹਿਮਾਨ, ਵਰਗੇ ਸਿਹਾਰੀ ਮਾਤਰਾ ਦੇ ਸ਼ਬਦ ਦੇ ਚਿੱਤਰ ਬਣਾ ਕੇ ਵਿਦਿਆਰਥੀ ਰੰਗ ਭਰਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ। ਬਿਹਾਰੀ ੀ ਸ਼ਬਦ ਘੜੀ, ਪਰੀ, ਤਿਤਲੀ, ਦੀਵਾ, ਸ਼ਬਦਾਂ ਦੇ ਚਿੱਤਰ ਬਣਾ ਕੇ ਰੰਗ ਭਰਕੇ ਹਿੰਦੀ ਅਤੇ ਅੰਗਰੇਜੀ ਵਿੱਚ ਵੀ ਨਾਂ ਲਿਖਣ ਦੇ ਕਾਬਲ ਹੋਣਗੇ ਅਤੇ ਆਪਸ ਵਿੱਚ ਵਿਚਾਰ ਸਾਂਝੇ ਕਰਨਗੇ। ਇਸ ਤਰਾਂ ਉਹ Dance, Art, languages, states ਨਾਲ ਵੀ ਜੁੜਨਗੇ। ਜੋ ਉਨਾਂ ਲਈ ਵਧੀਆ ਅਨੁਭਵ ਰਹੇਗਾ।

- **<u>Interdisciplinary linkages and Infusion of Life-Skills</u>**

  ਵਿਦਿਆਰਥੀਆਂ ਨੂੰ youtube links ਰਾਹੀਂ ਅਤੇ ਅਧਿਆਪਕ ਹੋਰ ਆਪਣੀਆਂ videos ਅਤੇ Audio share ਕਰਕੇ ਉਨਾਂ ਦੇ ਗਿਆਨ ਵਿੱਚ ਵਾਧਾ ਕਰਨਗੇ ਤਾਂ ਜੋ ਉਨਾਂ ਦੀ ਸ਼ਬਦਾਵਲੀ ਵਿੱਚ ਸੁਧਾਰ ਲਿਆਂਦਾ ਜਾਵੇ ਅਤੇ ਲਿਖਤੀ ਰੂਪ ਵਿੱਚ ਵੀ ਸੁੰਦਰ ਲਿਖਾਈ ਨਾਲ ਨਾਂ ਲਿਖਕੇ ਚਿੱਤਰ ਵੀ ਬਣਾ ਸਕਣ।

  **https://youtube.com/watch?v=i6eKwDsDYnM&feature=share**

- **<u>Recapitulation</u>**

  Practice sheets ਦੇ ਕੇ ਉਨਾਂ ਦੇ ਪ੍ਰਾਪਤ ਹੋਏ ਗਿਆਨ ਦਾ ਪਤਾ ਲਗਾਇਆ ਜਾਵੇਗਾ। Periodic test-III ਵੀ ਲਿਆ ਜਾਵੇਗਾ। ਜਿਸ ਵਿੱਚ ਕੰਨਾ ਦੋ ਕੰਨਾ ਤਿੰਨ ਅਤੇ ਕੁਝ ਪ੍ਰਸ਼ਨ ਕੰਨਾ ਚਾਰ ਵਿੱਚੋਂ ਵੀ ਪਾਏ ਜਾਣਗੇ।

- **<u>Resources Including ICT (Information and Communication Technology)</u>**

  Smart class ਵਿਖਾ ਕੇ ਵਿਦਿਆਰਤੀਆਂ ਨੂੰ ਉਨਾਂ ਦੇ ਸੰਬੰਧਿਤ ਪਾਠਾਂ ਨੂੰ ਹੋਰ ਵਧੇਰੇ youtube links ਅਤੇ Role play Act ਨਾਲ ਗਿਆਨ ਵਿੱਚ ਵਾਧਾ ਕੀਤਾ ਜਾਵੇਗਾ। ਇਸ ਤਰ੍ਹਾਂ ਵਿਦਿਆਰਥੀ ਹੋਰ ਵਧੀਆ ਸਿੱਖਦੇ ਹਨ ਅਤੇ ਹੋਰ ਵਧੇਰੇ ਗਿਆਨ ਹਾਸਲ ਕਰਨਗੇ।

- **<u>Assessment Items</u>**

  ਜਮਾਤ ਵਿੱਚ ਵਿਦਿਆਰਥੀਆਂ ਦੀਆਂ Reading, Recitation, Dictation and written test ਵੀ ਲਏ ਜਾਣਗੇ ਤਾਂ ਜੋ ਉਨਾਂ ਦੇ ਪ੍ਰਾਪਤ ਕੀਤੇ ਗਿਆਨ ਦਾ ਪਤਾ ਲੱਗ ਸਕੇ ਅਤੇ ਉਹ ਹੋਰ ਵਧੀਆ ਤਿਆਰ ਕਰ ਸਕਣ।

- **<u>Feedback and Remedial Teaching</u>**

**1.** Group Activity

**2.** Reading Books

**3.** Watching Videos

**4.** Charts

**ਫਰਵਰੀ - 2026**

**No. of Teaching Days – 23**

1. **ਕੰਨਾ (ਾ) ਚਾਰ ਅੱਖਰੇ ਸ਼ਬਦ**
2. **ਸਿਹਾਰੀ (ਿ) ਮਾਤਰਾ**
3. **ਬਿਹਾਰੀ (ੀ) ਮਾਤਰਾ**
4. **ਰੰਗਾ ਦੇ ਨਾਂ, ਫਲਾਂ ਦੇ ਨਾਂ, ਸਬਜੀਆਂ ਦੇ ਨਾਂ, ਲਿੰਗ, ਵਚਨ**

**Name the pictures, circle the same Kanna two, three, four letter mix Fill ups in words, sentences, write words in correct form**

1. **<u>Knowledge objective</u> – Learning Outcomes**

   ਵਿਦਿਆਰਥੀ ਸਿਹਾਰੀ, ਬਿਹਾਰੀ ਮਾਤਰਾ ਦੇ ਸ਼ਬਦਾਂ ਦਾ ਗਿਆਨ ਪ੍ਰਾਪਤ ਕਰ ਸਕਣਗੇ। ਜਮਾਤ ਵਿੱਚੋਂ ਅਤੇ ਆਲੇ ਦੁਆਲੇ ਦੀਆਂ ਉਦਾਹਰਨਾਂ ਵਿੱਚੋਂ ਉਹ ਨਵੇਂ ਸ਼ਬਦ ਅਤੇ ਵਾਕ ਬਣਾਉਣ ਦਾ ਗਿਆਨ ਪ੍ਰਾਪਤ ਕਰ ਸਕਣਗੇ।

2. **<u>Understanding Objective</u>**

   ਵਿਦਿਆਰਥੀ ਆਲੇ-ਦੁਆਲੇ ਅਤੇ ਰੰਗਾਂ ਦੇ ਨਾਂ, ਫਲਾਂ, ਸਬਜੀਆਂ ਪੰਛੀਆਂ ਦੇ ਨਾਂ, ਜਾਨਵਰਾਂ ਦੇ ਨਾਂ with pictures ਲਿਖਣ ਦੇ ਕਾਬਲ ਬਣਨਗੇ।

3. **<u>Skill Objective</u>**

   ਸ਼ਬਦਾਂ ਨੂੰ ਸਮਝ ਕੇ ਨਵੇਂ-ਨਵੇਂ ਚਿੱਤਰ (ਿ,ੀ) ਮਾਤਰਾ ਸੰਬੰਧੀ ਬਣਾ ਕੇ ਰੰਗ ਭਰਕੇ ਲਿਉਉਣਗੇ ਅਤੇ ਆਪਣੀ ਕਲਾ ਦਾ ਪ੍ਰਗਟਾਵਾ ਕਰਨਗੇ।

4. **<u>Previous Knowledge Testing</u>**

   Practice sheets ਅਤੇ Periodic test ਰਾਹੀਂ ਉਨਾਂ ਦੇ ਪ੍ਰਾਪਤ ਕੀਤੇ ਗਿਆਨ ਦਾ ਪਤਾ ਲਗਾਇਆ ਜਾਵੇਗਾ। ਜੁਬਾਨੀ ਅਭਿਆਸ ਵੀ ਕਰਵਾਏ ਜਾਣਗੇ।

- **<u>Teaching Aids</u> –** Chalk, Duster, Board, Charts, Books, Youtube links.
- **<u>Pedagogical Strategies</u>**

  ਪੁਸਤਕ ਵਿੱਚੋਂ ਬੱਚੇ ਕਵਿਤਾਵਾਂ ਪੜ੍ਹ ਕੇ ਬੋਲਣਗੇ। ਨਵੇਂ ਸ਼ਬਦਾਂ ਦਾ ਬੋਲ-ਬੋਲ ਕੇ, ਪੜ੍ਹ ਕੇ, ਲਿਖ ਕੇ ਹੋਰ ਵਧੇਰੇ ਅਭਿਆਸ ਕਰ ਸਕਣਗੇ। ਅਧਿਆਪਕ ਬੱਚਿਆਂ ਨੂੰ ਬੋਲ ਕੇ ਸਹੀ ਉਚਾਰਨ ਦਾ ਗਿਆਨ ਪ੍ਰਦਾਨ ਕਰਨਗੇ। ਚਿੱਤਰ ਬੋਰਡ ਉੱਤੇ ਬਣਾ ਕੇ ਅਧਿਆਕ ਕਾਪੀਆਂ ਉੱਤੇ ਲਿਖ ਕੇ

ਬੱਚਿਆਂ ਨੂੰ ਚਿੱਤਰ ਬਣਾ ਕੇ ਰੰਗ ਭਰ ਕੇ ਨਾਂ ਲਿਖਣ ਲਈ ਕਹਿਣਗੇ ਤਾਂ ਜੋ ਉਨਾਂ ਦੀ ਚੰਗੀ ਤਰ੍ਹਾਂ ਲਿਖਤੀ Practice ਹੋ ਸਕੇ।

- **<u>Flash-Cards</u> –** Experiental Learning

  ਅਭਿਆਸ ਦੇ ਵਜੋਂ ਵਿਦਿਆਰਥੀ Flash cards ਅਤੇ ਛੋਟੇ ਛੋਟੇ charts ਬਣਾ ਕੇ ਲਿਆਉਣਗੇ ਅਤੇ ਉਨਾਂ ਦੀ ਸਹਾਇਤਾ ਨਾਲ ਸਹੀ ਸ਼ਬਦ ਲਿਖਕੇ ਵੀ ਵਿਖਾਉਣਗੇ। ਇਸ ਤਰ੍ਹਾਂ ਉਨਾਂ ਦੇ ਗਿਆਨ ਵਿੱਚ ਵਾਧਾ ਹੋਵੇਗਾ ਅਤੇ ਸ਼ਬਦਾਵਲੀ ਵਿੱਚ ਵੀ ਸੁਧਾਰ ਹੋਵੇਗਾ।

- **<u>Art Integration</u>**

  ਸਾਰੇ ਸ਼ਬਦਾਂ ਨੂੰ ਉਹ ਪੰਜਾਬੀ ਦੇ ਨਾਲ ਹਿੰਦੀ, ਅੰਗਰੇਜੀ ਭਾਸ਼ਾ ਵਿੱਚ ਵੀ ਬੋਲ ਕੇ ਅਤੇ ਲਿਖਕੇ ਲਿਆਉਣਗੇ। ਸੰਗੀਤਕ ਸ਼ੈਲੀ ਅਤੇ ਚਿੱਤਰ ਕਲਾ ਰਾਹੀਂ ਸ਼ਬਦਾਂ ਨੂੰ ਕਲਾ ਰਾਹੀਂ ਪ੍ਰਗਟ ਕਰ ਸਕਣਗੇ। ਇਸ ਲਈ ਵਿਦਿਆਰਥੀਆਂ ਨੂੰ ਆਲੇ-ਦੁਆਲੇ ਵਿੱਚੋਂ ਸ਼ਬਦਾਂ ਦੇ ਚਿੱਤਰ ਲੱਭ ਕੇ ਰੰਗ ਭਰਨ ਦੀ ਸਿਖਲਾਈ ਦਿੱਤੀ ਜਾਵੇਗੀ।

- **<u>Interdisciplinary linkages and Infusion of Life-Skills</u>**

  ਵੱਖ-ਵੱਖ ਸ਼ਬਦਾਂ ਦੇ ਚਿੱਤਰਾਂ ਵਿੱਚੋਂ ਉਨਾਂ ਦੇ ਗੁਣਾਂ ਬਾਰੇ ਜਾਣੂ ਕਰਵਾਇਆ ਜਾਵੇਗਾ। ਜਿਵੇਂ ਉਨਾਂ ਨੂੰ ਹਰੀਆਂ ਸਬਜ਼ੀਆਂ ਅਤੇ ਫਲਾਂ ਦੇ ਗੁਣਾਂ ਬਾਰੇ ਵੀ ਦੱਸਿਆ ਜਾਵੇਗਾ। ਇਹ ਵਿਦਿਆਰਥੀਆਂ ਲਈ ਵਧੀਆ ਅਨੁਭਵ ਰਹੇਗਾ। Videos and youtube links ਨਾਲ ਵਿਦਿਆਰਥੀ ਹੋਰ ਵਧੇਰੇ ਗਿਆਨ ਪ੍ਰਾਪਤ ਕਰਨਗੇ।

  **https://youtube.com/watch?v=-5s6r1K0Z9Q&feature=share**

  **https://youtu.be/nyiaEGDyZvE**

- **<u>Recapitulation</u>**

  ਵਿਦਿਆਰਥੀਆਂ ਦੇ ਪ੍ਰਾਪਤ ਕੀਤੇ ਗਏ ਗਿਆਨ ਦਾ ਪਤਾ ਲਗਾਉਣ ਲਈ ਉਨਾਂ ਨੂੰ Practice sheets ਦਿੱਤੀਆਂ ਜਾਣਗੀਆਂ। Oral Revision ਕਰਵਾਈ ਜਾਵੇਗੀ।

- **<u>Resources Including ICT (Information and Communication Technology)</u>**

  ਅਧਿਆਪਕ ਦੁਆਰਾ video and youtube link share ਕੀਤੇ ਜਾਣਗੇ। ਕਵਿਤਾਵਾਂ ਅਤੇ ਪਾਠਾਂ ਨੂੰ Role Play Act ਨਾਲ Learn ਕਰਨ ਦੇ ਕਾਬਲ ਵੀ ਬਣਾਇਆ ਜਾਵੇਗਾ। ਵਿਦਿਆਰਥੀ ਇਸ ਦਾ ਪੂਰਾ ਅਨੰਦ ਮਾਣਨਗੇ।

- **<u>Assessment Items</u>**

  ਵਿਦਿਆਰਥੀਆਂ ਦੀ ਜਾਣਕਾਰੀ ਨੂੰ ਦੇਖਣ ਲਈ ਅਭਿਆਸ sheets ਵੀ ਦਿੱਤੀਆਂ ਜਾਣਗੀਆਂ। ਇਸ ਤਰ੍ਹਾਂ ਉਨਾਂ ਦੀ Exam ਵਾਸਤੇ ਵਧੀਆ ਤਿਆਰੀ ਹੋ ਸਕੇਗੀ।

- **<u>Feedback and Remedial Teaching</u>**

  ਪੜ੍ਹਾਈ ਵਿੱਚ ਕਮਜ਼ੋਰ ਬੱਚਿਆਂ ਦਾ ਲਿਖਤੀ ਅਤੇ Reading ਦਾ ਕੋਲ ਬੁਲਾ ਕੇ ਵਾਰ-ਵਾਰ ਅਭਿਆਸ ਕਰਵਾਇਆ ਜਾਵੇਗਾ। Handwriting ਸੁਧਾਰਨ ਲਈ ਕਾਪੀ ਵਿੱਚ ਸਹੀ formation ਦੱਸ ਕੇ ਸਹੀ ਲਿਖਣ ਲਈ ਪ੍ਰੇਰਿਤ ਕੀਤਾ ਜਾਵੇਗਾ।

- **<u>Inclusive Practices and Full Participation without discrimination.</u>**

**1.** Group Activity
**2.** Reading Books
**3.** Watching Videos
**4.** Charts